ਨਾਮਧਾਰੀ ਪਾਠਕ ਸਭਾ

ਦੀਆਂ ਕੁਝ ਰਚਨਾਵਾਂ

www.archive.org/details/namdhari

Contents

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਨਾਮਧਾਰੀ ਪਾਠਕ ਸਭਾ

ਦੀਆਂ ਕੁਝ ਰਚਨਾਵਾਂ

ਧੰਨਵਾਦ ਸਹਿਤ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਮਾਸਾਹਾਰੀ

(ਅਗਿਆਤ ਲੇਖਕ)

ਮਾਸ ਖਾਣ ਵਾਲਾ ਹੀ
ਮਾਸਾਹਾਰੀ ਨਹੀਂ ਹੁੰਦਾ
ਨਜ਼ਰਾਂ ਨਾਲ ਜਿਸਮਾਂ ਨੂੰ
ਨੋਚਣ ਵਾਲਾ ਵੀ ਮਾਸਾਹਾਰੀ ਹੁੰਦਾ ਏ।

ਕਿਸੇ ਦੇ ਖ਼ੂਨ ਪਸੀਨੇ ਦੀ ਕਮਾਈ
ਦੱਬ ਲੈਣ ਵਾਲਾ ਵੀ
ਮਾਸਾਹਾਰੀ ਹੁੰਦਾ ਏ।
ਉਹ ਜੋ ਖੇਡਦਾ ਏ
ਕਿਸੇ ਦੇ ਜਜ਼ਬਾਤਾਂ ਦੇ ਨਾਲ
ਤੇ ਖਾ ਜਾਂਦਾ ਏ
ਕਿਸੇ ਦੀਆਂ ਖੁਸ਼ੀਆਂ ਨੂੰ
ਭੇੜੀਆਂ ਬਣ ਕੇ,
ਮਾਸਾਹਾਰੀ ਹੁੰਦਾ ਏ।

ਮਾਸਾਹਾਰੀ ਹੁੰਦੀ ਏ
ਉਹ ਮਾਂ ਜੋ ਪੁੱਤ ਦੀਆਂ ਗਲਤੀਆਂ ਤੇ
ਪਰਦੇ ਪਾਉਂਦੀ ਹੈ
ਝਿੜਕਦੀ ਹੈ ਧੀ ਨੂੰ

Sri Satguru Jagjit Singh Ji eLibrary NamdhariElibrary@gmail.com

ਘਰੋਂ ਬਾਹਰ ਜਾਣ ਤੇ।

ਮਾਸਾਹਾਰੀ ਹੁੰਦਾ ਏ ਉਹ ਬਾਪ
ਜੋ ਪੜ੍ਹਾਉਂਦਾ ਹੈ ਬੱਚਿਆਂ ਨੂੰ
ਨੌਕਰ ਬਣਾਉਣ ਲਈ।
ਮਾਸਾਹਾਰੀ ਹੁੰਦੇ ਨੇ
ਉਹ ਬੱਚੇ
ਜੋ ਘਰੋਂ ਪੜ੍ਹਣ ਲਈ ਆਉਂਦੇ ਨੇ
ਪਰ ਕਾਲਜ ਨਹੀਂ ਵੜਦੇ।
ਸਿਰਫ਼ ਮਾਸ ਖਾਣ ਵਾਲਾ ਹੀ
ਮਾਸਾਹਾਰੀ ਨਹੀਂ ਹੁੰਦਾ।

ਮਾਸਾਹਾਰੀ ਹੁੰਦਾ ਏ
ਉਹ ਅਧਿਆਪਕ
ਜਿਸਦੀ ਨਜ਼ਰ ਵਿੱਚ ਵਿਤਕਰਾ ਹੁੰਦਾ ਏ
ਤੇ ਜੋ ਭੁੱਲ ਜਾਂਦਾ ਹੈ ਙ ਤੇ ਞ ਨੂੰ ਵਰਤਣਾ।
ਜਿਸਦੇ ਬੋਲਦਿਆਂ ਹੀ
ਵਿਦਿਆਰਥੀ ਸੌਂ ਜਾਂਦੇ ਹਨ
ਜੋ ਵਾਰ-ਵਾਰ ਵੇਖਦਾ ਹੈ
ਘੜੀ ਅਤੇ ਸਿਲੇਬਸ।

ਮਾਸਾਹਾਰੀ ਹੁੰਦਾ ਹੈ ਉਹ ਮੁਲਾਜ਼ਮ

Sri Satguru Jagjit Singh Ji eLibrary NamdhariElibrary@gmail.com

ਜਿਸਦੀ ਜੇਬ ਵਿੱਚ ਪਈ ਨੋਟਾਂ ਦੀ ਗੱਠੀ
ਬੇਕਸੂਰ ਨੂੰ ਕਸੂਰਵਾਰ ਬਣਾਉਣ ਦੀ
ਕੋਸ਼ਿਸ਼ ਵਿੱਚ ਹੁੰਦੀ ਹੈ।

ਜਿਸਦੇ ਮੋਢੇ ਉਤਲੇ ਸਟਾਰ
ਗਰੀਬ ਨੂੰ ਦਬਕਾ ਮਾਰਦੇ ਨੇ
ਮਜਬੂਰ ਕਰਦੇ ਜਨਾਬ ਕਹਿਣ ਲਈ।
ਨਿਰਾ ਮਾਸ ਖਾਣ ਵਾਲਾ ਹੀ
ਮਾਸਾਹਾਰੀ ਨਹੀਂ ਹੁੰਦਾ।

ਮਾਸਾਹਾਰੀ ਉਹ ਡਾਕਟਰ ਹੁੰਦਾ ਹੈ
ਜੋ ਮੱਲ੍ਹਮ ਵਾਲੀ ਡੱਬੀ ਵਿੱਚ
ਲੂਣ ਪਾ ਕੇ ਰੱਖਦੈ
ਜੋ ਭੁੱਲ ਜਾਂਦੈ ਹਸਪਤਾਲ ਪੈਰ ਧਰਦਿਆਂ
ਆਪਣੇ ਮਾਂ ਬਾਪ, ਭੈਣ ਭਰਾ ਤੇ ਬੱਚਿਆਂ ਨੂੰ।
ਜੋ ਪੱਟੀ ਕੱਟਣ ਵਾਲੀ ਕੈਂਚੀ ਨਾਲ
ਮਰੀਜ਼ ਦੀ ਜੇਬ ਕੱਟ ਲੈਂਦਾ ਹੈ।

ਮਾਸਾਹਾਰੀ ਹੁੰਦਾ ਹੈ
ਉਹ ਕਵੀ ਜਿਸਦੀ ਕਵਿਤਾ ਹਮੇਸ਼ਾਂ
ਕਿਸੇ ਔਰਤ ਦੇ ਅੰਗਾਂ ਦੁਆਲੇ ਘੁੰਮਦੀ ਹੈ।
ਜਿਸਨੂੰ ਚੰਗੀ ਲੱਗਦੀ ਹੈ

ਤਾੜੀਆਂ ਦੀ ਅਵਾਜ਼,
ਜੋ ਡਰਦਾ ਹੈ ਲੋਕਾਂ ਦੇ ਸਾਹਮਣੇ ਆਉਣੋਂ
ਗਿਣਦਾ ਰਹਿੰਦਾ ਹੈ ਮਿਲੇ ਮਾਣ ਸਨਮਾਨ

ਮਾਸਾਹਾਰੀ ਹੁੰਦਾ ਹੈ ਉਹ
ਜੋ ਕਿਸੇ ਅਪਾਹਿਜ ਨੂੰ
ਉਸਦੀ ਬੇਬਸੀ ਦਾ ਅਹਿਸਾਸ ਕਰਵਾਉਂਦਾ।

ਮਾਸਾਹਾਰੀ ਹੁੰਦਾ ਹੈ
ਉਹ ਹਰ ਸਖਸ਼
ਜੋ ਕਿਸੇ ਦੀ ਮਜਬੂਰੀ ਦਾ
ਫਾਇਦਾ ਉਠਾਉਂਦਾ ਹੈ,
ਪੰਛੀਆਂ ਨੂੰ ਪਿੰਜਰੇ ਚ ਕੈਦ ਕਰਦਾ ਹੈ।
ਕੀੜਿਆਂ ਨੂੰ ਪੈਰਾਂ ਹੇਠ ਮਸਲ ਦਿੰਦਾ ਹੈ।

ਮਾਸਾਹਾਰੀ ਹੁੰਦਾ ਹੈ
ਉਹ ਸ਼ਾਹੂਕਾਰ ਜੋ ਮੰਡੀ ਚ ਪਈ
ਫ਼ਸਲ ਨੂੰ ਠੁੱਡਾ ਮਾਰ ਕੇ ਲੰਘਦੈ।

ਮਾਸਾਹਾਰੀ ਹੁੰਦਾ ਹੈ ਉਹ ਕਿਸਾਨ
ਜੋ ਖਵਾਉਂਦਾ ਹੈ ਆਪਣੀ ਮਾਂ ਨੂੰ ਜ਼ਹਿਰ,
ਵੱਢ ਦਿੰਦਾ ਹੈ ਛਾਂਦਾਰ ਰੁੱਖ।

Sri Satguru Jagjit Singh Ji eLibrary NamdhariElibrary@gmail.com

ਮਾਸਾਹਾਰੀ ਹੁੰਦਾ ਹੈ ਉਹ ਹਾਕਮ
ਜਿਸਦੇ ਰਾਜ ਵਿੱਚ
ਇਹ ਮਾਸਾਹਾਰੀ ਪੈਦਾ ਹੁੰਦੇ ਹਨ।
ਚਰਖ਼ਾ ਤੋੜ ਕੇ
ਕਾਰਖਾਨੇ ਲਾਉਣ ਨੂੰ ਵਿਕਾਸ ਆਖਦਾ।
ਜੋ ਕਿਤਾਬਾਂ ਦੇਣ ਦੀ ਥਾਂ
ਬੱਚਿਆਂ ਨੂੰ ਫੋਨ ਦੇਣ ਦੀ ਗੱਲ ਕਰਦਾ ਹੈ।
ਹਸਪਤਾਲਾਂ, ਸਕੂਲਾਂ ਕਾਲਜਾਂ ਦੀ ਥਾਂ
ਕਰਵਾਵੇ ਧਰਮ ਸਥਾਨ ਦੀ ਉਸਾਰੀ।

ਮਾਸਾਹਾਰੀ ਹੁੰਦਾ ਹੈ ਉਹ ਨਾਗਰਿਕ
ਜੋ ਧਰਮ,ਜਾਤ, ਰੰਗ ਤੇ ਲਿਹਾਜ਼ ਵੇਖ ਕੇ
ਵੋਟ ਪਾ ਦਿੰਦਾ ਹੈ।
ਇਕੱਲਾ ਮਾਸ ਖਾਣ ਵਾਲਾ ਹੀ
ਮਾਸਾਹਾਰੀ ਨਹੀਂ ਹੁੰਦਾ।

ਇਹ ਬਾਤ ਨਿਰੀ ਏਨੀ ਹੀ ਨਹੀਂ

ਸੁਰਜੀਤ ਪਾਤਰ

ਇਹ ਬਾਤ ਨਿਰੀ ਏਨੀ ਹੀ ਨਹੀਂ
ਨਾ ਇਹ ਮਸਲਾ ਸਿਰਫ਼ ਕਿਸਾਨ ਦਾ ਏ।
ਇਹ ਪਿੰਡ ਦੇ ਵੱਸਦੇ ਰਹਿਣ ਦਾ ਏ
ਜਿਰਨੂੰ ਤੌਖ਼ਲਾ ਉੱਜੜ ਜਾਣ ਦਾ ਏ।

ਉਂਝ ਤਾਂ ਇਹ ਚਿਰਾਂ ਦਾ ਉੱਜੜ ਰਿਹਾ
ਕੋਈ ਅੱਜ ਨਹੀਂ ਉੱਜੜਨ ਲੱਗਿਆ ਏ।
ਇਹਨੂੰ ਗ਼ੈਰਾਂ ਨੇ ਵੀ ਲੁੱਟਿਆ ਏ
ਤੇ ਆਪਣਿਆਂ ਵੀ ਠੱਗਿਆ ਏ।
ਇਹਦਾ ਮਨ ਪਿੰਡੇ ਤੋਂ ਵੱਧ ਜ਼ਖ਼ਮੀ
ਦੁੱਖ ਰੂਹ ਤੋਂ ਵਿੱਛੜ ਜਾਣ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਜਿਸ ਗੁਰੂ ਦੇ ਨਾਮ ਤੇ ਜਿਉਂਦਾ ਏ
ਉਸ ਦੇ ਪੈਗ਼ਾਮ ਨੂੰ ਵਿੱਸਰ ਗਿਆ।
ਇੱਕ ਘੁਰਾ ਸ਼ਬਦ ਦਾ ਨਿਕਲ ਗਿਆ
ਇਹਦੀ ਸੁਰਤ ਦਾ ਬੁਣਿਆ ਉਧੜ ਗਿਆ।
ਇਹ ਵੇਲਾ ਸੱਜਰੀ ਬੁਣਤੀ ਵਿੱਚ
ਸ਼ਬਦਾਂ ਦੇ ਬੂਟੇ ਪਾਣ ਦਾ ਏ।

ਇਹ ਬਾਤ ਨਿਰੀ ਏਨੀ ਹੀ ਨਹੀਂ।

ਇਹ ਬਾਤ ਨਿਰੀ ਖੇਤਾਂ ਦੀ ਨਹੀਂ
ਇਹ ਗੱਲ ਤਾਂ ਸਫ਼ਿਆਂ ਦੀ ਵੀ ਹੈ।
ਅੱਖਰ ਨੇ ਜਿੰਨ੍ਹਾਂ ਦੇ ਬੀਜਾਂ ਜਹੇ
ਉਨ੍ਹਾਂ ਸੱਚ ਦੇ ਫਲਸਫ਼ਿਆਂ ਦੀ ਵੀ ਹੈ।
ਮੈਨੂੰ ਫ਼ਿਕਰ ਲਾਲੋ ਦੇ ਕੋਧਰੇ ਦਾ,
ਤੈਨੂੰ ਭਾਗੋ ਦੇ ਪਕਵਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਆਖੀ ਸੀ ਕਦੀ ਇੱਕ ਪੁਰਖੇ ਨੇ
ਉਹ ਬਾਤ ਅਜੇ ਤੱਕ ਹੈ ਸੱਜਰੀ।
ਨਹੀਂ ਕੰਮ ਥਕਾਉਂਦਾ ਬੰਦੇ ਨੂੰ
ਬੰਦੇ ਨੂੰ ਥਕਾਉਂਦੀ ਬੇਕਦਰੀ।
ਇਹ ਦੁੱਖ ਓਸੇ ਬੇਕਦਰੀ ਦਾ
ਇਹ ਸੱਲ੍ਹ ਉਸੇ ਅਪਮਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਤੇਰੇ ਵੱਡੇ ਵੱਸਣ ਘਰਾਣੇ ਵੀ
ਸਾਡੇ ਰਹਿਣ ਦੇ ਨਿੱਕੇ ਘਰ ਵੱਸਦੇ।
ਸਭ ਚੁੱਲ੍ਹਿਆਂ ਵਿੱਚ ਅੱਗ ਬਲ਼ਦੀ ਰਵ੍ਹੇ,
ਸਭ ਧੀਆਂ ਪੁੱਤ ਵੱਸਦੇ ਰਸਦੇ।

Sri Satguru Jagjit Singh Ji eLibrary NamdhariElibrary@gmail.com

ਇਹ ਗੱਲ ਸਭਨਾਂ ਦੇ ਵੱਸਣ ਦੀ ਏ
ਇਹ ਜਸ਼ਨ ਤਾਂ ਵੰਡ ਕੇ ਖਾਣ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਕਿਉਂ ਧੀ ਕਿਸੇ ਕਿਰਤੀ ਕਾਮੇ ਦੀ
ਉਨ੍ਹਾਂ ਦੀ ਖ਼ਾਤਰ ਧੀ ਹੀ ਨਹੀਂ।
ਜੋ ਪੁੱਤ ਨੇ ਡਾਢਿਆਂ ਦੇ ਜਾਏ
ਉਨ੍ਹਾਂ ਦੀ ਕਿਤੇ ਪੇਸ਼ੀ ਹੀ ਨਹੀਂ।
ਤੂੰ ਡਰ ਹੁਣ ਓਸ ਅਦਾਲਤ ਤੋਂ
ਜਿੱਥੇ ਹੋਣਾ ਅਦਲ ਈਮਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਤੇਰੇ ਨਾਲ ਅਮੀਰ ਵਜ਼ੀਰ ਖੜ੍ਹੇ
ਮੇਰੇ ਨਾਲ ਪੈਗੰਬਰ ਪੀਰ ਖੜ੍ਹੇ।
ਰਵੀਦਾਸ ਫ਼ਰੀਦ ਕਬੀਰ ਖੜੇ
ਮੇਰੇ ਨਾਨਕ ਸ਼ਾਹ ਫ਼ਕੀਰ ਖੜ੍ਹੇ।
ਮੇਰਾ ਨਾਮਦੇਵ ਮੇਰਾ ਧੰਨਾ ਵੀ
ਮੈਨੂੰ ਮਾਣ ਆਪਣੀ ਇਸ ਸ਼ਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਖ਼ੂਹ ਵਗਦੇ ਵਗਦੇ ਛਪਨ ਹੋਏ,
ਹੁਣ ਬਾਤ ਹੈ ਸਦੀਆਂ ਗਈਆਂ ਦੀ।

Sri Satguru Jagjit Singh Ji eLibrary NamdhariElibrary@gmail.com

ਮੈਂ ਜਾਣਦਾਂ ਯੁਗ ਬਦਲਦੇ ਨੇ
ਤਿੱਖੀ ਰਫ਼ਤਾਰ ਹੈ ਪਹੀਆਂ ਦੀ।
ਬੰਦੇ ਨੂੰ ਮਿੱਧ ਨਾ ਲੰਘ ਜਾਵਣ
ਇਹ ਫ਼ਰਜ਼ ਵੀ ਨੀਤੀਵਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਇਹ ਕਣਕ ਤੇ ਧਾਨ ਦੀ ਗੱਲ ਹੀ ਨਹੀਂ
ਇਹ ਅਣਖ਼ ਤੇ ਆਨ ਦੀ ਗੱਲ ਵੀ ਹੈ।
ਕੀ ਹਾਲ ਹੈ ਕਿੰਝ ਗੁਜ਼ਰਦੀ ਹੈ
ਇਹ ਮੋਹ ਤੇ ਮਾਣ ਦੀ ਗੱਲ ਵੀ ਹੈ।
ਜੋ ਆਪਣਾ ਹੁੰਦਾ ਪੁੱਛਦਾ ਹੈ
ਕੀ ਦੁਖਦਾ ਮੇਰੀ ਜਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ।

ਮੈਂ ਜਾਗਿਆ ਹਾਂ ਬੜੀ ਦੇਰੀ ਨਾਲ
ਮੇਰੀ ਟੁੱਟੀ ਹੈ ਨੀਂਦ ਹਨ੍ਹੇਰੀ ਨਾਲ
ਮੇਰੇ ਸੁੱਤਿਆਂ ਸੁੱਤਿਆਂ ਤੁਰ ਗਿਆ ਏ,
ਮੇਰਾ ਕੀ ਕੁਝ ਗ਼ਫ਼ਲਤ ਮੇਰੀ ਨਾਲ।
ਉਹ ਜੋ ਇਸ ਦੇ ਮਗਰੇ ਆਉਂਦਾ ਏ
ਮੈਨੂੰ ਫ਼ਿਕਰ ਤਾਂ ਓਸ ਤੂਫ਼ਾਨ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ।

Sri Satguru Jagjit Singh Ji eLibrary NamdhariElibrary@gmail.com

ਇਹ ਮਸਲਾ ਧਰਤੀ ਮਾਂ ਦਾ ਹੈ।
ਇਹ ਮਸਲਾ ਕੁੱਲ ਜਹਾਨ ਦਾ ਹੈ।
ਇਹ ਮਸਲਾ ਵੱਸਦੀ ਦੁਨੀਆਂ ਦਾ
ਜਿਹਨੂੰ ਤੌਖਲਾ ਉੱਜੜ ਜਾਣ ਦਾ ਏ
ਇਹ ਬਾਤ ਨਿਰੀ ਏਨੀ ਹੀ ਨਹੀਂ।

www.archive.org/details/namdhari

ਸੈੱਲਫ਼ੋਨ

ਅਰਨੈਸਤੋ ਕਾਰਦੇਨਾਲ
ਨਿਕਾਰਾਗੁਈ ਕਵਿਤਾ

ਤੁਸੀਂ ਆਪਣੇ ਸੈੱਲਫ਼ੋਨ 'ਤੇ ਗੱਲ ਕਰਦੇ ਓ
ਕਰਦੇ ਰਹਿੰਦੇ ਓ
ਕਰੀ ਜਾਂਦੇ ਓ
ਤੇ ਹੱਸਦੇ ਓ ਆਪਣੇ ਸੈੱਲਫ਼ੋਨ 'ਤੇ
ਇਹ ਨਾ ਜਾਣਦਿਆਂ ਹੋਇਆਂ ਵੀ
ਕਿ ਇਹ ਕਿਵੇਂ ਬਣਿਆ ਸੀ
ਸਗੋਂ ਇਹ ਵੀ ਨਾ ਜਾਣਦਿਆਂ
ਕਿ ਇਹ ਕਿਵੇਂ ਕੰਮ ਕਰਦਾ ਹੈ
ਪਰ ਇਹਦੇ ਨਾਲ ਫ਼ਰਕ ਕੀ ਪੈਂਦਾ ਹੈ
ਪ੍ਰੇਸ਼ਾਨੀ ਤਾਂ ਏਸ ਗੱਲ ਦੀ ਹੈ
ਕਿ ਤੁਸੀਂ ਨਹੀਂ ਜਾਣਦੇ
ਜਿਵੇਂ ਮੈਂ ਵੀ ਨਹੀਂ ਸੀ ਜਾਣਦਾ
ਕਿ ਕਾਂਗੋ 'ਚ ਮੌਤ ਦੇ ਸ਼ਿਕਾਰ ਹੁੰਦੇ ਨੇ
ਬਹੁਤ ਸਾਰੇ ਲੋਕ
ਹਜ਼ਾਰਾਂ ਹਜ਼ਾਰ
ਏਸੇ ਸੈੱਲਫ਼ੋਨ ਦੀ ਵਜ੍ਹਾ ਨਾਲ
ਉਹ ਮੌਤ ਦੇ ਜਬਾੜ੍ਹਿਆਂ 'ਚ
ਚਲੇ ਜਾਂਦੇ ਨੇ ਕਾਂਗੋ 'ਚ

Sri Satguru Jagjit Singh Ji eLibrary NamdhariElibrary@gmail.com

ਉਥੋਂ ਦੇ ਪਹਾੜਾਂ 'ਚ ਹੁੰਦੈ ਕੋਲਟਨ
(ਸੋਨੇ ਅਤੇ ਹੀਰੇ ਤੋਂ ਇਲਾਵਾ)
ਜੋ ਕੰਮ ਆਉਂਦੈ ਸੈੱਲਫ਼ੋਨ ਦੇ
ਕੰਡੈਂਸਰਾਂ 'ਚ।

ਖਣਿਜਾਂ 'ਤੇ ਕਬਜ਼ਾ ਕਰਨ ਲਈ
ਬਹੁਕੌਮੀ ਕੰਪਨੀਆਂ
ਛੇੜੀ ਰੱਖਦੀਆਂ ਨੇ ਇਕ ਅੰਤਹੀਣ ਜੰਗ

www.archive.org/details/namdhari

੧੫ ਸਾਲ 'ਚ ੫੦ ਲੱਖ ਮੌਤਾਂ

ਹਿੰਦੀ ਤੋਂ ਅਨੁਵਾਦ– ਸੁਸ਼ੀਲ ਦੁਸਾਂਝ
ਅੰਗਰੇਜ਼ੀ ਤੋਂ ਹਿੰਦੀ– ਮੰਗਲੇਸ਼ ਡਬਰਾਲ

ਉਹ ਨਹੀਂ ਚਾਹੁੰਦੇ ਕਿ ਇਹ ਗੱਲ
ਪਤਾ ਲੱਗੇ ਲੋਕਾਂ ਨੂੰ
ਵਿਸ਼ਾਲ ਸੰਪਤੀ ਵਾਲਾ ਮੁਲਕ
ਜਿਸ ਦੀ ਆਬਾਦੀ ਝੰਬੀ ਪਈ ਹੈ ਗ਼ਰੀਬੀ ਨਾਲ
ਦੁਨੀਆ ਦੇ ੮੦ ਫ਼ੀਸਦੀ ਕੋਲਟਨ ਦੇ
ਭੰਡਾਰ ਹਨ ਕਾਂਗੋ 'ਚ
ਉਥੋਂ ਦੇ ਪਹਾੜਾਂ ਦੇ ਗਰਭ 'ਚ
ਪਿਆ ਹੈ ਕੋਲਟਨ
੩੦ ਹਜ਼ਾਰ ਲੱਖ ਸਾਲਾਂ ਤੋਂ
ਨੋਕੀਆ, ਮਟਰੋਲਾ, ਕੰਪਾਕ, ਸੋਨੀ
ਖ਼ਰੀਦਦੇ ਹਨ ਕੋਲਟਨ
ਪੈਂਟਾਗਨ ਵੀ
ਤੇ ਨਿਊਯਾਰਕ ਟਾਈਮਜ਼ ਕਾਰਪੋਰੇਸ਼ਨ ਵੀ
ਉਹ ਇਸ ਦਾ ਪਤਾ ਨਹੀਂ ਲੱਗਣ ਦੇਣਾ ਚਾਹੁੰਦੇ

ਉਹ ਨਹੀਂ ਚਾਹੁੰਦੇ ਕਿ ਯੁੱਧ ਹੋਵੇ ਖ਼ਤਮ
ਤਾਂ ਜੋ ਕੋਲਟਨ ਨੂੰ
ਹਥਿਆਇਆ ਜਾਣਾ ਜਾਰੀ ਰਹਿ ਸਕੇ

Sri Satguru Jagjit Singh Ji eLibrary NamdhariElibrary@gmail.com

੭ ਤੋਂ ੧੦ ਸਾਲ ਤੱਕ ਦੇ ਬੱਚੇ
ਪਹਾੜਾਂ 'ਚੋਂ ਕੱਢਦੇ ਨੇ ਕੋਲਟਨ
ਕਿਉਂਕਿ ਛੋਟੇ ਮਘੋਰਿਆਂ 'ਚ
ਸੌਖਿਆਂ ਹੀ ਸਮਾ ਜਾਂਦੇ ਨੇ
ਉਨ੍ਹਾਂ ਦੇ ਨਿੱਕੇ ਸਰੀਰ
੨੫ ਸੈਂਟ ਰੋਜ਼ਾਨਾ ਦੀ ਮਜ਼ਦੂਰੀ 'ਤੇ
ਤੇ ਝੁੰਡਾਂ ਦੇ ਝੁੰਡ ਮਰ ਜਾਂਦੇ ਨੇ ਬੱਚੇ
ਕੋਲਟਨ ਪਾਊਡਰ ਕਾਰਨ
ਜਾਂ ਚਟਾਨਾਂ ਦੇ ਹੇਠ ਦੱਬੇ ਜਾਣ ਕਰਕੇ
ਜੋ ਡਿੱਗ ਪੈਂਦੀਆਂ ਨੇ ਉਨ੍ਹਾਂ ਦੇ ਉੱਤੇ।

ਨਿਊਯਾਰਕ ਟਾਈਮਜ਼ ਵੀ
ਨਹੀਂ ਚਾਹੁੰਦਾ ਕਿ ਇਹ ਗੱਲ ਪਤਾ ਲੱਗੇ
ਤੇ ਇਸ ਤਰ੍ਹਾਂ ਲੁਕਿਆ ਹੀ ਰਹਿੰਦਾ ਹੈ
ਬਹੁਕੌਮੀ ਕੰਪਨੀਆਂ ਦਾ
ਇਹ ਜਥੇਬੰਦਕ ਅਪਰਾਧ।

ਬਾਈਬਲ ਵਿਚ ਪਛਾਣਿਆ ਗਿਆ ਹੈ
ਸੱਚ ਅਤੇ ਨਿਆਂ
ਤੇ ਪ੍ਰੇਮ ਅਤੇ ਸੱਚ
ਉਦੋਂ ਸੱਚ ਦੀ ਅਹਿਮੀਅਤ ਵਿਚ

ਜੋ ਸਾਨੂੰ ਮੁਕਤ ਕਰੇਗਾ
ਸ਼ਾਮਲ ਹੈ ਕੋਲਟਨ ਦਾ ਸੱਚ ਵੀ
ਕੋਲਟਨ ਜੋ ਤੁਹਾਡੇ ਸੈੱਲਫ਼ੋਨ ਦੇ ਅੰਦਰ ਹੈ
ਜਿਸ 'ਤੇ ਤੁਸੀਂ ਗੱਲ ਕਰਦੇ ਓ
ਕਰੀ ਜਾਂਦੇ ਓ
ਤੇ ਖਿੜ-ਖਿੜ ਹੱਸਦੇ ਓ
ਸੈੱਲਫ਼ੋਨ 'ਤੇ ਗੱਲ ਕਰਦਿਆਂ।

* ਕਾਂਗੋ- ਅਤਿ ਦਾ ਗ਼ਰੀਬ ਅਫ਼ਰੀਕੀ ਮੁਲਕ।

www.archive.org/details/namdhari

ਵਿਚਾਰ

ਝੂਠ ਜਿੰਨਾ ਹੀ ਵੱਡਾ ਹੋਵੇਗਾ,ਲੋਕ ਉਸ ਤੇ ਓਨਾ ਹੀ ਜ਼ਿਆਦਾ ਯਕੀਨ ਕਰਨਗੇ।ਆਮ ਲੋਕ ਆਪਣੀ ਸਾਦਕੀ ਸਦਕਾ ਛੋਟੇ ਝੂਠ ਦੀ ਥਾਂ ਵੱਡੇ ਝੂਠ ਦਾ ਸ਼ਿਕਾਰ ਛੇਤੀ ਬਣਦੇ ਹਨ, ਕਿਉਂਕਿ ਉਹ ਆਪ ਛੋਟੇ-ਛੋਟੇ ਝੂਠ ਬੋਲਿਆ ਕਰਦੇ ਹਨ,ਪਰ ਵੱਡੇ ਝੂਠ ਬੋਲਣੋਂ ਸ਼ਰਮਾਉਂਦੇ ਹਨ।

..........ਹਿਟਲਰ........

ਅਪਣੇ ਤੋਂ ਉੱਚਿਆਂ ਦੀ ਕਦੇ ਰੀਸ ਨਾ ਕਰੋ। ਅਪਣੇ ਤੋਂ ਨੀਵਿਆਂ ਕੋਲ ਇਉਂ ਵਿਖਾਵਾ ਨਾ ਕਰੋ ਕਿ ਉਹ ਤੁਹਾਡੀ ਰੀਸ ਕਰਕੇ ਕੋਈ ਘਾਟਾ ਖਾ ਲੈਣ।

Sri Satguru Jagjit Singh Ji eLibrary NamdhariElibrary@gmail.com

ਜ਼ਿੰਦਗੀ

ਅਣਜਾਣ ਕਲਮ

ਚੜਦੀ ਜੁਆਨੀਂ ਦੇ ਵੀਹ ਸਾਲ ਪਤਾ ਹੀ ਨੀ ਲੱਗਾ ਕਦੋਂ ਅੱਖ ਦੇ ਫੋਰ ਵਿਚ ਹਵਾ ਹੋ ਗਏ !

ਫੇਰ ਸ਼ੁਰੂ ਹੋਇਆ ਨੌਕਰੀ ਲੱਭਣ ਦਾ ਨਾ ਮੁੱਕਣ ਵਾਲਾ ਸੰਘਰਸ਼ ! ਚੰਗੀ –ਮਾੜੀ,ਕੱਚੀ –ਪੱਕੀ,ਸਰਕਾਰੀ ਪ੍ਰਾਈਵੇਟ..ਇਸ ਸਾਰੇ ਗਧੀ–ਗੇੜ ਚੋਂ ਲੰਘਦੇ ਹੋਏ ਮਿਲਿਆ ਤਨਖਾਹ ਦਾ ਪਹਿਲਾ ਚੈਕ ਬੈਂਕ ਵਿਚ ਜਮਾ ਹੋ ਗਿਆ ! ਫੇਰ ਸ਼ੁਰੂ ਹੋ ਗਈ ਬੈਂਕ ਅਕਾਊਂਟ ਵਿਚ ਸਿਫਰਾਂ ਜੋੜਨ ਦੀ ਨਾ–ਮੁੱਕਣ ਵਾਲੀ ਮੱਸਿਆ ਦੀ ਰਾਤ !

ਰੋਜ ਸੁਵੇਰੇ ਇਹ ਸੋਚ ਕੇ ਉੱਠਦਾ ਕੇ ਅੱਜ ਕੋਈ ਐਸਾ ਕੰਮ ਕਰਨਾ ਕੇ ਬੈਂਕ ਵਿਚ ਪਏ ਨੋਟਾਂ ਦੇ ਸੱਜੇ ਪਾਸੇ ਇੱਕ ਸਿਫ਼ਰ ਹੋਰ ਵੱਧ ਜਾਵੇ ! ਇਸੇ ਚੱਕਰ ਵਿਚ ਯਾਰਾਂ ਦੋਸਤਾਂ ੨੭ ਸਾਲ ਪੂਰੇ ਹੋਣ ਵਾਲਾ ਕੇਕ ਕੱਟ ਦਿੱਤਾ !

ਫੇਰ ਵੇਹੜੇ ਵਿਆਹ ਦਾ ਗਾਉਣ ਧਰਿਆ ਗਿਆ ....ਨੌਕਰੀ ਕਰਦੀ ਚੰਨ ਵਰਗੀ ਵਹੁਟੀ ਨੇ ਆਣ ਬਰੂਹਾਂ ਟੱਪੀਆਂ !

ਖੁਸ਼ੀ ਹੋਰ ਦੂਣ ਸਵਾਈ ਹੋ ਗਈ ਕਿਓਂਕੇ ਹੁਣ ਤੋਂ ਅੱਗੇ ਸਿਫਰਾਂ ਦੋਗੁਣੀ ਰਫਤਾਰ ਨਾਲ ਵਧਣੀਆਂ ਸਨ !

ਪਹਿਲੇ ਚਾਰ ਪੰਜ ਸਾਲ ਖੁਸ਼ੀਆਂ ਦੇ ਪਰੀ ਲੋਕ ਵਿਚ ਘੁੰਮਦਿਆਂ ਫਿਰਦਿਆਂ ਪਤਾ ਹੀ ਨੀ ਕਦੋਂ ਨਿੱਕਲ ਗਏ !

ਫੇਰ ਵੇਹੜੇ ਵਿਚ ਇੱਕ ਬੱਚੇ ਦੀ ਕਿਲਕਾਰੀ ਗੂੰਜੀ ...ਸਾਰਾ ਕੁਝ ਬੱਚੇ ਦੇ ਪੰਘੂੜੇ ਤੇ ਕੇਂਦਰਿਤ ਹੋ ਗਿਆ

ਕੱਠੇ ਖਾਣਾ ਪੀਣਾ,ਬੋਲਣਾ,ਗੱਲਾਂ ਕਰਨੀਆਂ ਦੁੱਖ ਸੁਖ ਸਾਰਾ ਕੁਝ ਬੱਸ ਸੁਪਨਾ ਜਿਹਾ ਹੋ ਗਿਆ !

ਗੱਡੀ ਤੇ ਘਰ ਦੀਆ ਕਿਸ਼ਤਾਂ ..ਸਕੂਲ ਦੀਆਂ ਫੀਸਾਂ ..ਪਾਰਟੀਆਂ ਦੇ ਖਰਚੇ ..ਤੇ ਉੱਤੋਂ ਬੈਂਕ ਵਿਚ ਸਿਫਰਾਂ ਵਧਾਉਣ ਵਾਲਾ ਕਦੀ ਨਾ ਮੁੱਕਣ ਵਾਲਾ ਗਧੀ ਗੇੜ !

ਕੰਮ ਦੀ ਭੱਠੀ ਵਿਚ ਉਸਦਾ ਸੂਹੇ ਰੰਗਾ ਜੋਬਨ ਧੁਆਂਖਿਆ ਗਿਆ ਤੇ ਮੈਂ ਕੋਹਲੂ ਦਾ ਬੌਲਦ ਸੁਵੇਰੇ ਘਰੋਂ ਨਿੱਕਲਦਾ ਤੇ ਹਨੇਰੇ ਹੋਏ ਲਾਸ਼ ਬਣ ਘਰ ਮੁੜਦਾ..ਪਤਾ ਹੀ ਨਾ ਲੱਗਾ ਕਦੋਂ ਜਿੰਦਗੀ ਦੇ ੩੨ ਸਾਲ ਇਤਿਹਾਸ ਹੋ ਗਏ !

ਘਰ ਵਿਚ ਹਰ ਸੁਖ -ਸਹੂਲਤ ਮੌਜੂਦ ਸੀ ਪਰ ਫੇਰ ਵੀ ਸੁਵੇਰੇ ਫਿਕਰਾਂ ਦੀ ਪੰਡ ਲੈ ਉੱਠਦਾ .ਤੇ ਰਾਤ ਸੋਚਾਂ ਦੇ ਬੱਦਲ ਕਿੰਨੀ ਦੇਰ ਨੀਂਦਰ ਨਾ ਪੈਣ ਦਿੰਦੇ ! ਕਈ ਵਾਰ ਬਿਨਾ ਗੱਲ ਤੋਂ ਹੁੰਦੀ ਆਪਸੀ ਬਹਿਸ ਝਗੜੇ ਵਿਚ ਬਦਲ ਜਾਂਦੀ

ਬੋਲਚਾਲ ਘਟਦੀ ਗਈ ਤੇ ਅੰਦਰ ਦਾ ਖਾਲੀਪਨ ਵਧਦਾ ਗਿਆ !

ਉਹ ਗੱਲ ਗੱਲ ਤੇ ਚਿੜ ਜਾਂਦੀ ਤੇ ਮੈਂ ਚੁੱਪ ਰਹਿਣ ਦੀ ਆਦਤ ਜਿਹੀ ਪਾ ਲਈ !

ਅਚਾਨਕ ਵਿਆਹ ਦੀ ਦਸਵੀਂ ਵਰੇਗੰਢ ਵੀ ਰੇਲ ਦੇ ਨਿੱਕੇ ਟੇਸ਼ਨ ਵਾਂਙ ਲੰਘ ਗਈ !

ਨਿੱਕਾ ਬਾਲ ਸਿਆਣਾ ਹੋ ਗਿਆ ਤੇ ਉਹ ਵੀ ਕੁਝ ਆਪਣੇ ਆਪ ਵਿਚ ਰਹਿਣ ਲੱਗ ਪਿਆ,ਪਰ ਮਿੱਠੀ ਤੱਸਲੀ ਇਹ ਸੀ ਕੇ ਬੈਂਕ ਦੀਆਂ ਸਿਫਰਾਂ ਪੂਰੀ ਰਫਤਾਰ ਨਾਲ ਵੱਧ ਰਹੀਆਂ ਸਨ !

ਇਕ ਦਿਨ ਕੱਲਾ ਬੈਠਾ ਪੁਰਾਣੇ ਦਿਨ ਯਾਦ ਕਰਦੇ ਨੇ ਕੋਲੋਂ ਲੰਘਦੀ ਦਾ ਹੱਥ ਫੜ ਲਿਆ ..ਆਖਿਆ ਕੇ ਆ ਮੇਰੇ ਕੋਲ ਬੈਠ,.ਗੱਲਾਂ ਕਰੀਏ,ਦੁੱਖ ਸੁਖ ਫਰੋਲੀਏ ਤੇ ਨਾਲ ਗੁਜਾਰਿਸ਼ ਕੀਤੀ ਕੇ ਚੱਲ ਅੱਜ ਬਾਹਰ ਚੱਲਦੇ ਹਾਂ, ਰੌਲੇ ਰੱਪੇ ਤੋਂ ਦੂਰ ਕਿਤੇ ਇਕਾਂਤ ਵਿਚ..ਸੋਹਣੇ ਰੱਬ ਦੀ ਕੁਦਰਤ ਦਾ ਆਨੰਦ ਮਾਣਦੇ ਹਾਂ !

ਅੱਗੋਂ ਖਿਜੀ ਹੋਈ ਮੁੜਕਾ ਪੂੰਝਦੀ ਆਖਣ ਲੱਗੀ ਕੇ ਸਕੂਲ ਦੇ ਪੇਪਰਾਂ ਦਾ ਢੇਰ ਲੱਗਾ..ਉਹ ਕੌਣ ਚੈਕ ਕਰੂ ..ਕਿਚਨ ਠੀਕ ਹੋਣ ਵਾਲਾ ਪਿਆ ਤੇ ਤੁਹਾਨੂੰ ਰੋਮਾਂਸ ਸੁਝ ਰਿਹਾ ..ਗੁੱਸੇ ਨਾਲ ਹੱਥ ਛੁਡਾ ਤੁਰਦੀ ਬਣੀ ਤੇ ਮੇਰਾ ਨਿੱਕਾ ਸੁਪਨਾ ਚੱਕਣਾ ਚੂਰ ਹੋ ਗਿਆ !

ਤੇ ਫੇਰ ਚਿਠੀ ਵੰਡਦੇ ਡਾਕੀਏ ਵਾਂਙ ਜਿੰਦਗੀ ਦੇ ਪੰਜਤਾਲੀਵੇਂ ਸਾਲ ਨੇ ਆ ਦਸਤਕ ਦਿੱਤੀ !

ਐਨਕ ਲੱਗ ਗਈ,ਵਾਲ ਕਾਲੇ ਕਰਨ ਵਾਲੀਆਂ ਡਾਈਆਂ ਦੇ ਢੇਰ ਲੱਗ ਗਏ, ਅੰਗੂਰੀ ਚਮੜੀ ਕਿਸ਼ਮਿਸ਼ ਬਣਨੀ ਸ਼ੁਰੂ ਹੋ ਗਈ ਤੇ ਨਾਲ ਹੀ ਸ਼ੁਰੂ ਹੋ ਗਏ ਡਾਕਟਰਾਂ ਦੇ ਨਾ ਮੁੱਕਣ ਵਾਲੇ ਚੱਕਰ,ਬੱਲਡ ਪ੍ਰੈਸ਼ਰ ਸ਼ੂਗਰ ਤੇ ਡਾਈਟਿੰਗ ਦੇ ਝਮੇਲਿਆਂ ਨਾਲ ਗੂੜੀ-ਪੱਕੀ ਸਾਂਝ ਪੈ ਗਈ !

ਬੇਟੇ ਦਾ ਕਾਲਜ ਮੁੱਕਿਆ ਤੇ ਇੱਕ ਦਿਨ ਬੂਹਾ ਖੜਕਿਆ ..ਡਾਕੀਆ ਸੀ ..ਆਖਦਾ ਮੂੰਹ ਮਿੱਠਾ ਕਰਾਓ.. ਵੀਜਾ ਲੱਗ ਗਿਆ ..ਫੇਰ ਉਹ ਵੀ ਇੱਕ ਦਿਨ ਖੰਬ ਖਿਲਾਰ ਵਿਦੇਸ਼ ਉਡਾਰੀ ਮਾਰ ਗਿਆ !

ਵੇਹੜਾ ਸੁੰਞਾ ਹੋ ਗਿਆ ਤੇ ਇਸੇ ਵੇਹੜੇ ਵਿਚ ਵੱਜੀ ਉਸਦੀ ਪਹਿਲੀ ਕਿਲਕਾਰੀ ਦਾ ਚੇਤਾ ਆਉਂਦਿਆਂ ਦਿਲ ਨੂੰ ਧੂ ਜਿਹੀ ਪੈ ਜਾਂਦੀ !

ਫੇਰ ਦੋਨੋਂ ੫੦ -੫੫ ਵਾਲੇ ਗੇੜ ਵਿਚ ਪੈ ਗਏ ! ਬੈਂਕਾਂ ਵਿਚ ਕਿੰਨੀਆਂ ਸਿਫਰਾਂ ਸਨ ..ਇਹ ਜਾਨਣ ਦੀ ਜਿਗਿਆਸਾ ਵੀ ਜਾਂਦੀ ਰਹੀ !

ਡਾਕਟਰਾਂ ਤੁਰਨ ਫਿਰਨ ਦੀ ਮਨਾਹੀ ਕਰ ਦਿੱਤੀ ..ਗਲੀ ਵੱਲ ਖੁੱਲਦੀ ਬਾਰੀ ਕੋਲ ਬੈਠੇ ਦੋਨੋਂ ਸਾਰਾ ਸਾਰਾ ਦਿਨ ਬਾਹਰ ਖੇਡਦੇ ਨਿਆਣਿਆਂ ਵਿਚ ਆਪਣਾ ਗੁਆਚਿਆ ਹੋਇਆ ਮਿੱਟੀ ਦਾ ਬਾਵਾ ਲੱਭਦੇ ਰਹਿੰਦੇ ..ਤੇ ਇਸੇ ਲੁੱਕਣ ਮੀਟੀ ਵਿਚ ਪਤਾ ਹੀ ਨਾ ਲੱਗਦਾ ਕਦੋਂ ਸ਼ਾਮਾਂ ਪੈ ਜਾਂਦੀਆਂ !

ਫੇਰ ਇੱਕ ਦਿਨ ਫੋਨ ਦੀ ਘੰਟੀ ਵੱਜੀ ..ਦੌੜ ਕੇ ਫੋਨ ਚੁੱਕਿਆ ...ਦੂਜੇ ਪਾਸੇ ਸੁਪਨਿਆਂ ਦਾ ਸੌਦਾਗਰ ਸੀ ..ਅਜੇ ਹਾਲ ਚਾਲ ਹੀ ਪੁੱਛ ਰਿਹਾ ਸਾਂ ਕੇ ਗੱਲ ਵਿਚਾਲਿਓਂ ਕੱਟ ਦਿੱਤੀ ਤੇ ਦੱਸਣ ਲੱਗਾ ...ਮੈਂ ਵਿਆਹ ਕਰਾ ਲਿਆ ਹੈ ਗੋਰੀ ਨਾਲ ਤੇ ਬਾਕੀ ਜਿੰਦਗੀ ਇਥੇ ਹੀ ਰਹੂੰ ..ਬੈਂਕਾਂ ਵਾਲੀਆਂ ਸਿਫਰਾਂ ਕਿਸੇ ਓਲ੍ਡ –ਏਜ ਹੋਮ ਨੂੰ ਦਾਨ ਕਰ ਦੇਣਾ ਕਿਉਂਕੇ ਮੈਨੂੰ ਹੁਣ ਓਹਨਾ ਦੀ ਲੋੜ ਨਹੀਂ ..ਤੇ ਜੇ ਤੁਹਾਨੂੰ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਤੁਸੀਂ ਵੀ ਓਥੇ ਭਰਤੀ ਹੋ ਜਾਇਓ ! ਏਡੀ ਵੱਡੀ ਗੱਲ ਸਹਿਜ ਸੁਭਾ ਹੀ ਕਰ ਗਿਆ ..ਫੋਨ ਹੱਥੋਂ ਛੁੱਟ ਗਿਆ ..ਲੱਗਿਆ ਕੋਈ ਆਪਣਾ ਭਰੇ ਬਾਜ਼ਾਰ ਲੁੱਟ ਪੁੱਟ ਨੰਗਾ ਕਰ ਸੁੱਟ ਕੇ ਚਲਾ ਗਿਆ ਹੋਵੇ !

ਨਾਲਦੀ ਨੂੰ ਵਾਜ ਮਾਰੀ ..ਪਾਠ ਕਰਦੀ ਨੱਸੀ ਆਈ ..ਕਹਿੰਦੀ ਕੀ ਹੋਇਆ ? ..ਕਿਸਦਾ ਫੋਨ ਸੀ ?

ਮੈਂ ਆਖਿਆ ਕਿਸੇ ਦਾ ਨਹੀਂ ..ਫੇਰ ਹੱਥ ਫੜ ਤਰਲਾ ਜਿਹਾ ਕੀਤਾ ਕੇ ਚੱਲ ਅੱਜ ਬਾਹਰ ਚੱਲੀਏ ਕਿੱਤੇ ...ਇਸ ਰੌਲੇ ਰੱਪੇ ਅਤੇ ਖ਼ੁਦਗਰਜੀ ਦੇ ਰੇਗਿਸਤਾਨ ਤੋਂ ਕੋਹਾਂ ਦੂਰ ..ਅਜੇ ਗੱਲ ਕਰ ਹੀ ਰਿਹਾ ਸੀ ਕੇ ਮੈਨੂੰ ਆਪਣਾ ਸਰੀਰ ਠੰਡਾ ਹੁੰਦਾ ਜਾਪਿਆ,ਮੇਰਾ ਠੰਡਾ ਸੀਤ ਹੁੰਦਾ ਸਿਰ ਆਪਣੇ ਮੋਢਿਆਂ ਤੇ ਰੱਖ ..ਅੱਥਰੂ ਵਗਾਉਂਦੀ ਹੋਈ ਆਖਣ ਲੱਗੀ ..ਚਲੋ ਚਲੀਏ ਕਿਥੇ ਚੱਲਣਾ ਹੈ ? ...ਕਿਥੇ ਗੱਲਾਂ ਕਰਨੀਆਂ ?..ਚਲੋ ਵੀ ..ਹੁਣ ਚੱਲਦੇ ਨਹੀਂ..ਬੋਲਦੇ ਨਹੀਂ !

ਉਸਨੇ ਮੈਨੂੰ ਝੰਜੋੜਿਆ ..ਪਰ ਮੈਂ ਤਾਂ ਕਦੇ ਦਾ ਉਸਦੀ ਬੁੱਕਲ ਵਿਚ ਹੀ ਪਿਆ ਸ਼ਾਂਤ ਹੋ ਬੜੀ ਦੂਰ ਜਾ ਚੁੱਕਾ ਸਾਂ ..ਸਦਾ ਵਾਸਤੇ !

ਦੋਸਤੋ ਇਹੋ ਹੈ ਮੇਰੀ ਸਿਫ਼ਰਾਂ ਦੀ ਗੁਲਾਮੀ ਕਰਦਿਆਂ ਤੇ ਜਮੀਨ ਦੇ ਕਿੱਲੇ ਗਿਣਦਿਆ ਲੰਘੀ ਜ਼ਿੰਦਗੀ ਦਾ ਸਾਰ ਅੰਸ਼। ਜ਼ਿੰਦਗੀ ਤੁਹਾਡੀ ਆਪਣੀ ਹੀ ਹੈ ਤੇ ਇਸ ਦੇ ਮਾਪਦੰਡ ਵੀ ਤੁਸੀਂ ਖੁਦ ਹੀ ਤਹਿ ਕਰਨੇ ਹਨ ! ਜ਼ਿੰਦਗੀ ਜਿਉਣ ਆਏ ਹੋ ਤਾਂ ਆਪਣੇ ਵਾਸਤੇ ਵੀ ਜਿਓਣਾ ਸਿੱਖੋ

ਇਹ ਸ਼ੁਰੂਆਤ ਅੱਜ ਤੋਂ ਹੀ, ਬਲਕਿ ਹੁਣ ਤੋਂ ਹੀ ਕਰੋ। ਕਿਓਂਕਿ ਜਿਹੜਾ ਕੱਲ ਉਡੀਕਦੇ ਪਏ ਹੋ ਓਹ ਕਦੇ ਵੀ ਨਹੀਂ ਆਵੇਗਾ ।

ਵਰਤਮਾਨ ਹੀ ਜ਼ਿੰਦਗੀ ਹੈ, ਬਾਕੀ ਤੇ ਬਸ ਕੰਧ ਤੇ ਟੰਗੇ ਕੈਲੰਡਰ ਦੀਆਂ ਤਰੀਕਾਂ ਹਨ ...ਕੁਝ ਲੰਘ ਗਈਆਂ ਤੇ ਕੁਝ ਆਉਣ ਵਾਲੀਆਂ...!!!

ਕਿਸੇ ਅਣਜਾਣ ਕਲਮ ਦੇ ਅੱਖਰ

ਕਹਿ ਦੇ ਖਾਂ ਚਿੱਤ ਭਰ ਗਿਆ ਤੇਰਾ

ਗੁਰਲਾਲ ਕਵੀ

ਕਹਿ ਦੇ ਖਾਂ ਚਿੱਤ ਭਰ ਗਿਆ ਤੇਰਾ
ਤੇ ਮੁੱਕ ਗਈ ਸਾਂਝ ਪੁਰਾਣੀ

ਕਹਿ ਦੇ ਖਾਂ ਛਿੱਜ ਗਈ ਦਸੂਤੀ
ਟੁੱਟ ਗਈ ਤਾਣੀ-ਬਾਣੀ

ਕਹਿ ਦੇ ਖਾਂ ਸੌਂ ਗਏ ਹੁੰਗਾਰੇ
ਹੋ ਗਈ ਖ਼ਤਮ ਕਹਾਣੀ

ਕਹਿ ਦੇ ਖਾਂ ਮੈਨੂੰ ਨੀਚ-ਕਮੀਨੀ
ਕਹਿ ਦੇ ਖਸਮਾਂ- ਖਾਣੀ

ਸਿੱਧੀ ਤਰ੍ਹਾਂ ਮੇਰੀ ਲਾਹ-ਪਾਹ ਕਰ ਦੇ
ਮੂੰਹ 'ਤੇ ਛੱਡ ਨਾ ਪਾਣੀ

(ਪਰ) ਗਾਲ੍ਹਾਂ ਨਾ ਕੱਢ ਵੇ
ਪਿੱਪਲਾਂ-ਬਰੋਟਿਆਂ ਥਾਣੀ ....

ਮੇਰੀਆਂ ਗੱਲਾਂ ਤੇ ਗੌਰ ਕਰਨਾ

ਵਿਜੇ ਵਿਵੇਕ

ਮੇਰਾ ਕਵੀ ਮਿੱਤਰ ਭਾਸ਼ੋ
ਜਦ ਵੀ ਫ਼ੋਨ ਕਰਕੇ ਬੋਲਦੈ
ਇਹੀ ਆਖਦਾ ਹੈ
ਸਿਰਫ਼ ਕੁਝ ਗੱਲਾਂ ਕਰਨੀਆਂ ਹਨ
ਧਿਆਨ ਨਾਲ ਸੁਣਨਾ।

ਫੁੱਲਾਂ ਨੂੰ ਗਮਲਿਆਂ ਚ ਨਹੀਂ
ਕਿਆਰੀਆਂ 'ਚ ਲਾਇਆ ਕਰੋ।
ਗੋਡਿਆਂ ਪਰਨੇ ਬਹਿ
ਗੋਡੀ ਕਰਿਆ ਕਰੋ
ਗੋਡੇ ਨਹੀਂ ਦੁਖਦੇ ਫੇਰ।
ਪਾਣੀ ਲਾਇਆ ਕਰੋ
ਫੁੱਲਾਂ ਨੂੰ ਖਿੜਦੇ ਵੇਖਿਆ ਕਰੋ।
ਕਿਆਰੀਆਂ ਕਿਤਾਬਾਂ ਬਣ ਜਾਂਦੀਆਂ ਨੇ।
ਪੜ੍ਹਿਆ ਕਰੋ
ਵਰਕਾ ਵਰਕਾ ਅੱਖਰ ਅੱਖਰ
ਬੜੇ ਸਬਕ ਮਿਲਦੇ ਨੇ।

ਰਾਤ ਵੇਲੇ

Sri Satguru Jagjit Singh Ji eLibrary NamdhariElibrary@gmail.com

ਨੀਲੇ ਅੰਬਰ ਨੂੰ ਨਿਹਾਰਿਆ ਕਰੋ
ਤਾਰਿਆਂ ਨਾਲ ਗੱਲਾਂ ਕਰਦਿਆਂ
ਵਿੱਛੜੇ ਮਿੱਤਰ ਪਿਆਰੇ ਵੀ
ਲੱਭ ਜਾਂਦੇ ਨੇ ਅਕਸਰ।
ਸੁਪਨਿਆਂ ਦੀ
ਬੁੱਕਲ ਮਾਰਿਆ ਕਰੋ।
ਨਿੱਘ ਬਣਿਆ ਰਹਿੰਦਾ ਹੈ।
ਪਛਤਾਵਿਆਂ ਦੀ ਠਾਰੀ ਮਾਰ ਦਿੰਦੀ ਹੈ।
ਸਰਦ ਹਵਾਵਾਂ ਤੋਂ
ਬਚ ਕੇ ਰਹਿਣਾ ਬੇਹੱਦ ਜ਼ਰੂਰੀ ਹੈ।

ਚੁੱਪ ਨਾ ਬੈਠਿਆ ਕਰੋ।
ਕੋਈ ਜਣਾ ਕੋਲ ਨਾ ਹੋਵੇ
ਤਾਂ ਕੰਧਾਂ ਨਾਲ
ਗ਼ੁਫ਼ਤਗੂ ਕਰਿਆ ਕਰੋ।
ਖ਼ੁਦ ਨੂੰ
ਆਪੇ ਹੁੰਗਾਰਾ ਭਰਨ ਦੀ ਜਾਚ ਸਿੱਖੋ
ਆਪਣੇ ਤੋਂ ਵਧੀਆ
ਹੋਰ ਕੋਈ ਸਾਥੀ ਨਹੀਂ
ਸ਼ੀਸ਼ੇ ਨਾਲ ਵਾਰਤਾਲਾਪ ਕਰਿਆ ਕਰੋ
ਬੰਦਾ ਚਾਹੇ ਤਾਂ
ਉਮਰ ਨੂੰ ਬੰਨ੍ਹ ਕੇ ਬਿਠਾ ਸਕਦਾ ਹੈ।

ਨਿੱਕੇ ਨਿੱਕੇ ਬੱਚਿਆਂ ਨੂੰ
ਖੇਡਦਿਆਂ ਵੇਖਿਆ ਕਰੋ।
ਨਿੱਕੀ ਜੇਹੀ ਦੁਨੀਆ ਵਿੱਚ
ਬਹੁਤ ਕੁਝ ਹੈ ਜਾਨਣ ਤੇ ਮਾਨਣ ਲਈ
ਮਾਣਿਆ ਕਰੋ।

ਰੰਗਲੇ ਗੁਬਾਰੇ ਵੇਚਦੇ ਪੈਰੋਂ ਨੰਗੇ
ਗ਼ਲੀਆਂ 'ਚ ਹੋਕਾ ਦਿੰਦੇ,
ਪੀਪਨੀਆਂ ਵਜਾਉਂਦੇ ਬੱਚਿਆਂ ਨੂੰ
ਬੱਚੇ ਨਾ ਸਮਝੋ।
ਇਨ੍ਹਾਂ ਕੋਲ ਵਿਹਲ ਨਹੀਂ
ਇੱਕ ਪਲ ਵੀ ਫ਼ਿਲਸੂਫ਼ੀਆਂ ਲਈ।
ਰੋਟੀ ਦਾ ਗੋਲ ਪਹੀਆ
ਖਿੱਚੀ ਫਿਰਦੈ ਇਨ੍ਹਾਂ ਨੂੰ ਗਲੀਓ ਗਲੀ
ਇਨ੍ਹਾਂ ਹਿੱਸੇ ਆਉਂਦੀ ਪੈਂਤੀ ਅੱਖਰੀ
ਗੁਆਚ ਗਈ ਸੀ
ਛਣਕਣਿਆਂ ਦੀ ਉਮਰੇ।

ਆਪਣੇ ਰੋਂਦੂ ਜਹੇ ਹਾਣੀਆਂ ਤੋਂ ਸਾਵਧਾਨ!
ਇਹ ਤੁਹਾਡੇ ਚਾਵਾਂ ਦੀ ਮਾਚਿਸ
ਸਿੱਲ੍ਹੀ ਕਰ ਦਿੰਦੇ ਨੇ ਹੌਕਿਆਂ ਨਾਲ।

Sri Satguru Jagjit Singh Ji eLibrary NamdhariElibrary@gmail.com

ਨਾ ਅਗਨ ਨਾ ਲਗਨ
ਨਿਰੀ ਨੇਸਤੀ ਜਹੇ ਪਰਛਾਵੇਂ।

ਉੱਡਣੇ ਪੁੱਡਣੇ ਸੁਪਨਿਆਂ ਨੂੰ
ਚਾਵਾਂ, ਸਾਹਵਾਂ 'ਚ ਪਰੋਵੋ।
ਕਹੋ ਜ਼ਿੰਦਗੀ ਦੇ ਨੇੜੇ ਹੋਵੋ।
ਸ਼ਬਦਾਂ ਨਾਲ ਖੇਡਦਿਆਂ
ਬੰਦਾ ਬੁੱਢਾ ਨਹੀਂ ਹੁੰਦਾ।
ਕਵਿਤਾ ਲਿਖਿਆ ਕਰੋ।

ਵੱਡੇ ਭਾਈ ਸਾਹਿਬ!
ਮੈਂ ਵੀ ਰੀਟਾਇਰ ਹੋ ਗਿਆਂ
ਬੱਚੇ ਪੜ੍ਹਾਉਂਦਾ ਪੜ੍ਹਾਉਂਦਾ
ਜਿਸ ਪਿੰਡ ਚ ਮੈਂ ਪੜ੍ਹਾਇਆ
ਉਥੋਂ ਇਹੀ ਸਬਕ ਪਾਇਆ
ਕਿ ਪਿੰਡ ਹਾਲੇ ਵਿ ਸੁੱਚੇ ਨੇ
ਸਾਡੇ ਸ਼ਹਿਰਾਂ ਨਾਲੋਂ।
ਇਸੇ ਕਰਕੇ ਜਦ ਕਦੇ ਓਦਰਦਾਂ
ਕਿਸੇ ਨਾ ਕਿਸੇ ਪਿੰਡ ਚਲਾ ਜਾਂਦਾਂ
ਫ਼ਸਲਾਂ ਨਾਲ ਗੱਲਾਂ ਕਰਦਾਂ
ਸਰੋਂ ਤੋਂ ਬਸੰਤੀ ਰੁੱਤ ਮੰਗਦਾਂ
ਕਵਿਤਾ ਚ ਪਰੋਣ ਜੋਗੀ

ਧੁੱਪ ਸੇਕਦਾਂ ਜਜ਼ਬੇ ਪੰਘਾਰਨ ਲਈ
ਸੱਥ 'ਚ ਬੈਠ ਕੇ ਰਿਸ਼ਤੇ ਗੰਢਦਾਂ
ਸੂਰਜ ਛਿਪਦੇ ਪਰਤ ਆਉਂਦਾਂ।
ਤੁਸੀਂ ਵੀ ਪਿੰਡ ਜਾਇਆ ਕਰੋ।
ਹਰ ਪਿੰਡ ਤੁਹਾਨੂੰ ਉਡੀਕਦਾ ਹੈ।

ਨੋਟ ਕਰਿਉ !
ਸ਼ਹਿਰ ਕਿਸੇ ਨੂੰ ਕਦੇ ਨਹੀਂ ਉਡੀਕਦਾ
ਸਿਰਫ਼ ਟਿਕਾਣਾ ਦੇਂਦਾ ਹੈ।
ਸ਼ਹਿਰ ਵਿੱਚ ਰਹਿ ਕੇ ਵੀ
ਮੈਂ ਆਪਣੇ 'ਚੋਂ ਪਿੰਡ ਨਹੀਂ ਮਰਨ ਦਿੱਤਾ।
ਤੁਸੀਂ ਵੀ ਜ਼ਿੰਦਾ ਰੱਖਣਾ।
ਕਵਿਤਾ ਲਿਖਣ ਵੇਲੇ ਸ਼ਹਿਰ
ਮੇਰੇ ਹੱਥੋਂ ਤਿਲਕ ਜਾਂਦੈ ਮੱਛੀ ਵਾਂਗ।
ਪਿੰਡ ਰੂਹ ਚ ਰਮ ਗਿਆ ਹੈ
ਤੁਹਾਡੇ ਵਾਂਗ।
ਸੁਸਤੀ ਕਮਜ਼ਾਤ ਨੂੰ
ਨੇੜੇ ਨਾ ਬਹਿਣ ਦੇਣਾ
ਸਿਉਂਕ ਵਾਂਗ ਚੱਟ ਜਾਂਦੀ ਹੈ
ਬੰਦੇ ਅੰਦਰਲਾ ਉਤਸ਼ਾਹ।
ਜਿਉਣ ਦਾ ਚਾਅ, ਉਮਾਹ
ਯਾਦ ਰੱਖੋ, ਵਕਤ ਤੁਹਾਡਾ ਹੈ।

ਕੁੱਤੇ ਨੂੰ ਸੈਰ ਹੀ ਤਾਂ ਨਹੀਂ ਕਰਾਈ ਜਾਂਦੇ
ਬਚ ਕੇ ਰਹਿਣਾ
ਸੰਗਤ ਅਸਰ ਛੱਡ ਜਾਂਦੀ ਹੈ।
ਕੁੱਤੇ ਨਾਲ ਰਹਿ ਕੇ
ਹੁਕਮ ਚਲਾਉਣ ਦੀ
ਆਦਤ ਪੈ ਜਾਂਦੀ ਹੈ।
ਬਚ ਕੇ ਰਹਿਣਾ।

ਧੁੱਪ ਸੇਕਿਆ ਕਰੋ !
ਸੂਰਜ ਨਾਲ ਗੱਲਾਂ ਕਰਿਆ ਕਰੋ।
ਵੱਡਿਆਂ ਦੀ ਸੰਗਤ ਤੋਂ
ਬੇਅੰਤ ਊਰਜਾ ਮਿਲਦੀ ਹੈ।
ਸੂਰਜ ਦੀ ਪਿਚਕਾਰੀ ਨਾਲ
ਫੁੱਲਾਂ 'ਚ ਰੰਗ
ਭਰਨ ਦੀ ਵਿਧੀ ਸਿੱਖ ਲਵੋ।
ਫ਼ਲਾਂ 'ਚ ਰਸਵੰਤਾ ਸੰਸਾਰ ਪਛਾਣੋ।
ਮੇਰੀਆਂ ਗੱਲਾਂ ਤੇ ਗੌਰ ਕਰਨਾ।

ਕੁਦਰਤ

ਕਰਨਬੀਰ ਸਿੰਘ ਕੰਗ

ਮਿੱਟੀ ਦੇ ਬਣੇ ਭਾਂਡਿਆਂ ਤੋਂ ਸਟੀਲ ਅਤੇ ਪਲਾਸਟਿਕ ਦੇ ਭਾਂਡਿਆਂ ਤੱਕ ਅਤੇ ਫ਼ਿਰ ਕੈਂਸਰ ਦੇ ਡਰੋਂ ਮੁੜ ਮਿੱਟੀ ਦੇ ਭਾਂਡਿਆਂ ਤੱਕ ਆ ਜਾਣਾ

ਅੰਗੂਠਾ ਛਾਪ ਤੋਂ ਦਸਤਖ਼ਤ ਅਤੇ ਫਿਰ ਥੰਬ ਇੰਪਰੈਸ਼ਨ ਦੇ ਨਾਮ ਤੇ ਅੰਗੂਠਾ ਛਾਪ ਬਣ ਜਾਣਾ

ਸਾਦਾ ਅਤੇ ਫਟੇ ਹੋਏ ਕੱਪੜਿਆਂ ਤੋਂ ਪ੍ਰੈਸ ਕੀਤੇ ਕੱਪੜਿਆਂ ਤੋਂ ਫੈਸ਼ਨ ਦੇ ਨਾਂ ਤੇ ਫਿਰ ਫਟੀਆਂ ਜੀਨਾਂ ਪੌਣ ਤੱਕ

ਜਿਆਦਾ ਮਿਹਨਤ ਵਾਲੀ ਜਿੰਦਗੀ ਤੋਂ ਪੜ੍ਹਾਈ ਕਰਕੇ ਆਰਾਮਦਾਇਕ ਨੌਕਰੀਆਂ ਤੱਕ ਅਤੇ ਫਿਰ ਸਰੀਰ ਨੂੰ ਤੰਦਰੁਸਤ ਰੱਖਣ ਲਈ ਜਿਮ ਜਾ ਕੇ ਜਾਂ ਵਾਕਿੰਗ ਟ੍ਰੈਕ ਤੇ ਪਸੀਨਾਂ ਵਹਾਉਣ ਤੱਕ

ਕੁਦਰਤੀ ਭੋਜਨ ਤਿਆਗ ਕੇ ਡੱਬਾ ਬੰਦ ਭੋਜਨ ਖਾਣ ਤੱਕ ਫਿਰ ਬਿਮਾਰੀਆਂ ਤੋਂ ਬਚਣ ਲਈ ਦੁਬਾਰਾ ਕੁਦਰਤੀ ਜਾ ਕਹਿ ਲਓ ਔਰਗੈਨਿਕ ਫੂਡ ਤੱਕ ਆ ਜਾਣਾ

ਪੁਰਾਣੀਆਂ ਦੇਸੀ ਚੀਜਾਂ ਇਸਤੇਮਾਲ ਨਾਂ ਕਰ ਕੇ ਬ੍ਰਾਂਡੇਡ ਚੀਜਾਂ ਅਪਣਾਉਣੀਆ ਅਤੇ ਫਿਰ ਜੀ ਭਰ ਜਾਣ ਦੇ ਨਾਮ ਤੇ ਐਂਟੀਕ ਕਹਿ ਕੇ ਓਹਨਾਂ ਹੀ ਪੁਰਾਣੀਆਂ ਚੀਜਾਂ ਨੂੰ ਵਰਤਣ ਤੱਕ

ਬੱਚਿਆਂ ਨੂੰ ਇਨਫੈਕਸ਼ਨ ਦੇ ਡਰੋਂ ਮਿੱਟੀ ਵਿੱਚ ਖੇਲਣ ਤੋਂ ਰੋਕ ਕੇ ਘਰ ਵਿੱਚ ਤਾੜੀ ਰੱਖ ਕੇ ਕਮਜ਼ੋਰ ਬਣੋਨ ਤੋਂ ਫਿਰ ਇਮੁਨਿਟੀ ਵਧਾਉਣ ਦੇ ਨਾਮ ਤੇ ਦੁਬਾਰਾ ਮਿੱਟੀ ਵਿੱਚ ਖੇਡਣ ਲਾਉਣ ਤੱਕ

ਅਗਰ ਇਸ ਸਭ ਦੀ ਜਾਂਚ ਪੜ੍ਹਤਾਲ ਕੀਤੀ ਜਾਵੇ ਤਾਂ ਇਹੀ ਨਤੀਜਾ ਨਿਕਲੇਗਾ ਕਿ ਤਕਨੌਲਜੀ ਨੇ ਜੋ ਸਾਨੂੰ ਦਿੱਤਾ ਉਹ ਸਭ ਕੁਦਰਤ ਨੇ ਪਹਿਲਾਂ ਤੋਂ ਹੀ ਸਾਨੂੰ ਦਿੱਤਾ ਹੋਇਆ ਹੈ.......

J E Karanbir Singh Kang

ਸਾਜਿਸ਼

ਮਨਦੀਪ ਸਿੰਘ ਬਹਿਣੀਵਾਲ

ਸਬ ਤੋ ਪਹਿਲਾ ਧੰਨਵਾਦ ਮੇਰੇ ਵੱਡੇ ਭਰਾ ਇੰਦਰ ਦਿਓਲ ਦਾ ਜਿਸਨੇ ਮੈਨੂੰ ਇਹ ਕਿਤਾਬ ਬਾਰੇ ਦੱਸਿਆ । ੧੧੦ ਪੇਜ ਦੀ ਕਿਤਾਬ ਤੋਂ ਸਿੱਖਣ ਨੂੰ ਐਨਾ ਕੁ ਮਿਲ ਗਿਆ ਕੇ ਮੈਨੂੰ ਲਗਦਾ ਮੇਰੀ ਪੜ੍ਹਾਈ ਤੇ ਮੈ ਕੁਝ ਨਹੀਂ ਬੱਸ ਸਮਾ ਹੀ ਖਰਾਬ ਕੀਤਾ । ਮੇਰੇ ਦਿਮਾਗ ਦੇ ਸਾਰੇ ਨਟ ਬੋਲਟ ਖੁੱਲ ਗਏ ਤੇ ਦਿਲਚਸਪ ਏਨੀ ਸੀ ਕੇ ਇਕ ਵਾਰੀ ਵਿਚ ਪੜ੍ਹ ਦਿੱਤੀ । ਮੇਰੇ ਖਿਆਲ ਇਸ ਯੁੱਗ ਵਿਚ (ਇੰਟਰਨੈਟ ਦੇ ਜਮਾਨੇ ਵਿੱਚ) ੯/੧੧ ਬਾਰੇ ਤਾਂ ਸਾਰੇ ਜਾਣਦੇ ਹੋਣਗੇ ਤੇ ਦੂਸਰਾ ਅਮਰੀਕਾ, ਅਲਕਾਇਦਾ, ਤਾਲੀਬਾਨ, ਅਫ਼ਗ਼ਾਨਿਸਤਾਨ, ਵੀਅਤਨਾਮ, ਰੂਸ, ਓਬਾਮਾ, ਬੁਸ਼, ਯਹੂਦੀਆਂ ਬਾਰੇ ਤੁਹਾਨੂੰ ਸਾਰਿਆ ਨੂੰ ਉਨ੍ਹਾਂ ਕੁ ਪਤਾ ਹੋਊ ਜਿਨ੍ਹਾਂ ਮੈਨੂੰ ਇਸ ਕਿਤਾਬ ਪੜਨ ਤੋ ਪਹਿਲਾ ਪਤਾ ਸੀ । ਪਹਿਲੇ ੫-੬ ਪੇਜ ਪੜਨ ਤੇ ਦਿਮਾਗ ਦੀ ਬੱਤੀ ਗੁੱਲ ਹੋ ਜਾਣੀ ਆ । ਕਿਉਂਕਿ ਅਸੀਂ ਉੱਹ ਦੇਖਦੇ ਜੌ ਸਾਨੂੰ ਦਿਖਾਇਆ ਜਾਂਦਾ । ਦਿਮਾਗ ਤਾ ਅਸੀ ਕਦੇ ਲਾਉਣਾ ਵੀ ਨਹੀਂ ਕਿਉਂਕਿ ਆਪਣੇ ਰੋਜ ਦੇ ਰੁਝੇਵਿਆਂ ਵਿਚੋਂ ਨਿਕਲ ਕੇ ਟੇਲੀਵਿਜਨ ਜਾ ਅਖਬਾਰ ਪੜਦੇ ਆ ਓਹਦੇ ਤੇ ਨਿੱਰੇ ਗੱਪ ਹੁੰਦੇ ਆ । ਇੰਟਰਨੈੱਟ ਆਉਣ ਕਰਕੇ ਥੋੜਾ ਪਤਾ ਲੱਗਣ ਲੱਗਾ । ਪਰ ਹੁਣ ਇਹਦੇ ਤੇ ਵੀ ਝੂਠ ਜਿਆਦਾ ਹੀ ਗਿਆ ।

੯/੧੧ ਦਾ tiwn towers ਤੇ ਹਮਲਾ ਜਿਸਨੂੰ ਅੰਤਰ ਰਾਸ਼ਟਰੀ ਮੀਡੀਆ ਨੇ ਇਕ ਹਮਲਾ ਦੱਸਿਆ, ਭਾਰਤੀ ਵਿਕਾਊ ਗੋਦੀ ਮੀਡੀਆ ਨੇ ਤਾਂ ਦੱਸਣਾ ਹੀ ਸੀ । ਅਸਲ ਵਿੱਚ ਉਹ ਅਮਰੀਕਾ ਦੀ ਇਕ ਸੋਚੀ ਸਮਝੀ ਸਾਜ਼ਿਸ਼ ਸੀ ਜਿਸ ਉਪਰ ਅਮਰੀਕਾ ਦੀ ਸੀ ਆਈ ਏ ਏਜੰਸੀ ਪਿਛਲੇ ੨੫

ਸਾਲ਼ਾ ਤੋ ਕੰਮ ਕਰ ਰਹੀ ਸੀ । ਇਹ ਸਭ ਕੁਝ ਕੀਤਾ ਮੱਧ ਏਸੀਆ ਦੇ ਤੇਲ ਭੰਡਾਰਾ ਤੇ ਕਬਜਾ ਕਰਨ ਲਈ । ਓਸਾਮਾ ਬਿਨ ਲਾਦੇਨ ਅਮਰੀਕਾ ਦਾ ਇਕ ਖਾਸ ਏਜੰਟ ਸੀ । ਉਹ ਗੁਰਦਿਆਂ ਦੀ ਬਿਮਾਰੀ ਨਾਲ ੨੦੦੧ ਵਿਚ ਹੀ ਮਰ ਗਿਆ ਸੀ । ਫੇਰ ਪਾਕਿਸਤਾਨ ਵਿਚ ਐਬਟਾਬਾਦ ਵਿੱਚ ਅਮਰੀਕਾ ਨੇ ਕਿਹਨੂੰ ਮਾਰਿਆ ?? ਦੇਉ ਜਵਾਬ । ੪੦੦੦੦ ਟਨ ਸਟੀਲ ਤੇ ੮੦੦੦੦ ਟਨ ਕੰਕਰੀਟ ਨਾਲ ੧੯੭੧ ਵਿਚ ਬਣਿਆ ਵਰਲਡ ਟ੍ਰੇਡ ਸੈਂਟਰ ਜਿਹਨੂੰ ਉਸ ਸਮੇ ੨ ਸਾਲ ਲਈ ਦੁਨੀਆ ਦਾ ਸਭ ਤੋ ਉੱਚਾ ਟਾਵਰ ਰਿਹਾ, ਇਕ ਬੋਇੰਗ ਜਹਾਜ ਨਾਲ ਮਲੀਆਮੇਟ ਹੋ ਕੇ ਧੂੜ ਵਿਚ ਕਿਵੇਂ ਬਦਲ ਗਿਆ ?? ਨਹੀਂ, ਅਮਰੀਕਾ ਨੇ ਖੁਦ ਉਹਦੇ ਅੰਦਰ ਧਮਾਕੇ ਕਰਕੇ ਓਹਨੂੰ ਡੇਗਿਆ ।

ਚੰਗੇ ਹੱਸਦੇ ਵਸਦੇ ਇਰਾਕ, ਉੱਤਰ ਕੋਰੀਆ, ਵੀਅਤਨਾਮ, ਸੀਰੀਆ ਤੇ ਫਿਲੀਸਤੀਨ ਵਰਗੇ ਦੇਸ਼ਾਂ ਦੇ ਕੁਦਰਤੀ ਸਰੋਤ ਲੁੱਟਣ ਲਈ ਅਮਰੀਕਾ ਨੇ ਇਹ ਸਾਰੇ ਕੁਝ ਘੜਿਆ । ISIS, ਤਾਲੀਬਾਨ, ਅਲਕਾਇਦਾ ਸਾਰੇ ਅਮਰੀਕਾ ਦੀ ਦੇਣ ਨੇ । ਜਿੱਥੇ ਭਾਰਤ ਦੀ ਚੌਥੀ ਵੱਡੀ ਸੈਨਾ ਕੋਲ ਆਟੋਮੈਟਿਕ ਰੈਫਲ ਦੀ ਕਮੀ ਹੈ ਉਥੇ ਇਹਨਾ ਸੰਗਠਨਾਂ ਕੋਲ ਐਨੇ ਵਧੀਆ ਹਥੀਆਰ ਕਿੱਥੋਂ ਆਏ ?? ਅਮਰੀਕਾ ।

ਪਾਕਿਸਤਾਨ ਦਾ ਪੱਕਾ ਦੋਸਤ ਜਿਸਨੇ ਕਾਰਗਿੱਲ ਤੇ ਲੜਾਈ ਅਤੇ ੧੯੬੫,੧੯੭੧ ਦੀਆ ਲੜਾਈਆਂ ਵੇਲੇ ਪਾਕਿਸਤਾਨ ਦੀ ਮਦਦ ਕੀਤੀ ??

ਅਮਰੀਕਾ, ਆਈਐਸਆਈ ਪਾਕਿਸਤਾਨ ਦੀ ਏਜੰਸੀ ਦੀ ਮਾਂ ਅਮਰੀਕਾ ਦੀ ਸੀ ਆਈ ਏ ਹੈ । ਅਫਗਾਨਿਸਤਾਨ ਦੇ ਯੁੱਧ ਲਈ ਪਾਕਿਸਤਾਨ ਤੇ ਅਮਰੀਕਾ ਬਰਾਬਰ ਜਿੰਮੇਵਾਰ ਨੇ । ਹੁਣ ਇਹ ਅੱਗ

ਪਾਕਿਸਤਾਨ ਵਿਚ ਲੱਗ ਚੁੱਕੀ ਹੈ ਤੇ ਧੂਆਂ ਭਾਰਤ ਤੱਕ ਆ ਰਿਹਾ । ਕਸ਼ਮੀਰ ਵਿਚ ਭਾਰਤ ਦਾ ਬਹੁਤ ਖਰਚਾ ਇਸ ਕਰਕੇ ਹੀ ਹੀ ਰਿਹਾ ।

ਜਿਹੜੀ ਯਹੂਦੀ ਕੌਮ ਨਹੀਂ ਵਿਚਾਰੇ ਕਹਿ ਰਹੇ ਹਾਂ, ਵੀ ਹਿਟਲਰ ਨੇ ੬੦ ਲੱਖ ਯਹੂਦੀ ਮਾਰੇ । ਇਹ ਉਹੀ ਕੌਮ ਹੈ ਜਿਸਨੇ ਬੰਦੀ ਵਾਪਾਰ ਜਾਨੀ ਅਫਰੀਕੀ ਕਾਲੇ ਲੋਕਾ ਨੂੰ ਅਮਰੀਕਾ ਲਿਆ ਕੇ ਵੇਚਿਆ । ੧੧੩ ਸਾਲ਼ਾ ਵਿਚ ੧੧ ਕਰੋੜ ਅਫ਼ਰੀਕੀ ਮੂਲ ਦੇ ਲੋਕਾਂ ਨੂੰ ਲਿਆਂਦਾ ਗਿਆ ਤੇ ਜਿਹਨਾਂ ਵਿਚੋ ਸਿਰਫ ੧ ਕਰੋੜ ੧੦ ਲੱਖ ਗੁਲਾਮੀ ਕਰਨ ਲਈ ਬਚੇ । ਬਾਕੀ ਰਾਹ ਵਿਚ ਤਸੀਹੇ ਦੇ ਕਿਹਨਾ ਨੇ ਮਾਰੇ ? ਵਿਚਾਰੀ ਕੌਮ ਨੇ ਯਹੂਦੀਆਂ ਨੇ । ਅੱਜ ਵੀ ਫਿਲੀਸਤੀਨ ਵਿਚ ਲੋਕਾ ਨਾਲ ਕੀ ਹੋ ਰਿਹਾ ??

ਸਾਨੂੰ ਕੀ ਪਤਾ ਸਾਡੇ meida ਚੈਨਲ ਤੇ ਅਖਬਾਰ ਸਾਰੇ ਵਿੱਕੇ ਹੋਏ ਆ ਬਾਕੀ ਅਮਰੀਕਾ ਨਾਲ ਪੰਗਾ ਕੌਣ ਲਵੇ । ਇਕ ਰੂਸ ਸਿਰ ਚੁੱਕਦਾ ਸੀ ਓਹਦੇ ਟੁਕੜੇ ਹੋ ਗਏ । ਅਸਲ ਵਿੱਚ ਮਹਾ ਸਕਤੀ ਅਮਰੀਕਾ ਨੂੰ ਵੀ ਕੌਣ ਚਲਾਉਂਦਾ ਰੋਥਚਾਈਲਡ (illuimnati group) . ਇਕ ਜਰਮਨ ਦਾ ਅਸ਼ਕਜਾਈ ਯਹੂਦੀ ਜਿਹਦਾ ਖਾਨਦਾਨ ਸਾਰੀ ਸ੍ਰਿਸ਼ਟੀ ਨੂੰ ਚਲਾ ਰਿਹਾ । ਪੂਰੀਆ ਬੈਂਕਾਂ ਤੇ ਰਾਜ ਵੀ ਇਹਨਾ ਦਾ ਦੱਸਿਆ ਜਾਂਦਾ । ੧੯ ਵੀ ਸਦੀ ਵਿਚ ਪੂਰੇ ਵਿਸ਼ਵ ਵੀ ਅੱਧੀ ਕਮਾਈ ਰੋਥਚਾਇਲਡ ਘਰਾਣੇ ਦੇ ਹੱਥ ਸੀ ।

ਓਬਾਮਾ, ਬੁਸ਼, ਟ੍ਰੰਪ ਇੱਹ ਸਬ ਕਠਪੁਤਲੀਆਂ ਨੇ ?? ਇਹਨਾ ਦੇ ਪਿੱਛੇ ਸੱਚੀ illuimnait group ਹੈ ??

ਭਾਰਤ ਮਹਾ ਸਕਤੀ ਬਣ ਸਕਦਾ ?? ਜਾ ਫੇਰ ਸਾਡੇ ਕੁਰਸੀ ਦੇ ਭੁੱਖੇ ਲੀਡਰ ਹਮੇਸ਼ਾਂ ਮਹਾ ਸਕਤੀ ਦੇ ਚਮਚੇ ਰਹਿਣਗੇ ??

ਅਮਰੀਕਾ ਖੁੱਲ੍ਹੇ ਸਾਨ ਦੀ ਤਰਾ ਐਵੇਂ ਦੀਆ ਘਟਨਾਵਾਂ ਰੱਚ ਕੇ ਕਦੋ ਤੱਕ ਬੇਕੂਸਰ ਲੋਕਾ ਨੂੰ ਕਤਲ ਕਰਦਾ ਰਹੇਗਾ ??

ਇਰਾਨ ਦੇ ਤੇਲ ਭੰਡਾਰਾ ਤੇ ਅਮਰੀਕਾ ਦੀ ਅੱਖ ਹੈ । ਇਰਾਨ ਕੋਲ ਕੋਈ ਪਰਮਾਣੂ ਬੰਬ ਨਹੀਂ ਇਸ ਕਰਕੇ ਇਰਾਨ ਤੇ ਕਦੋ ਤੱਕ ਆਪਣੀਆ ਚਾਲਾ ਚੱਲੇਗਾ ??

ਸਾਡਾ ਦੇਸ਼ ਵੀ ਅਮਰੀਕਾ ਦੀ ਲਿਸਟ ਵਿਚ ਹੈ ?? ਕਿਉਂਕਿ ਅਮਰੀਕਾ ਕਿਸੇ ਦਾ ਸਕਾ ਨਹੀ ?

ਯਹੁਦੀਆ ਦਾ ਅਸਲੀ ਘਰ ਜੌਰਜੀਆ ਹੈ ਜਾ ਫੇਰ ਇਸਰਾਇਲ ??

੧੯ ਵੀ ਸਦੀ ਵਿਚ ਸਾਰੇ ਯੁੱਧ ਹਾਰਨ ਵਾਲੇ ਚੀਨ ਤੋ ਕਿਵੇਂ ਅਮਰੀਕਾ ਡਰਦਾ ਹੈ ??

Illuimnait group ਕੀ ਹੈ ?? ਕੀ ਭਾਰਤ ਵਿਚ ਵੀ ਇੱਹ ਗਰੁੱਪ ਕੰਮ ਕਰ ਰਿਹਾ ?

ਬਾਕੀ ਇਹ ਸਵਾਲਾਂ ਦੇ ਜਵਾਬ ਤੁਹਾਨੂੰ ਕਿਤਾਬ ਪੜਕੇ ਮਿਲ ਸਕਦੇ ਆ ।ਕਿਤਾਬ ਪ੍ਰਾਪਤ ਕਰਨ ਲਈ ਸਾਨੂੰ whats app ਜਾ ਕਾਲ਼ ਰਾਹੀਂ ੭੮੮੯੬੪੯੫੬੬ ਤੇ ਸੰਪਰਕ ਕਰ ਸਕਦੇ ਹੋ । ਇਨਬਾਕਸ ਕਰ ਸਕਦੇ ਹੋ । mandeepbehinwal54@gmial.com ਤੇ ਮੇਲ ਕਰ ਸਕਦੇ ਹੋ । ਕਿਤਾਬ ਦੀ ਕੀਮਤ ੧੨੦ ਰੁਪੈ ਸਮੇਤ ਡਾਕ ਖਰਚ । ਕਿਤਾਬ home deilver ਕੀਤੀ ਜਾਵੇਗੀ ।

ਮਨਦੀਪ ਸਿੰਘ ਬਹਿਣੀਵਾਲ
ਪਿੰਡ ਫ਼ਰੀਦਕੋਟ ਕੋਟਲੀ

ਮੌਤ ਨੂੰ

ਪ੍ਰੋ. ਮੋਹਣ ਸਿੰਘ

ਜਿਸ ਨੇ ਹੱਥਾਂ ਮੇਰਿਆਂ 'ਤੇ ਰੰਗ ਜਮਾਣਾ,
ਉਹ ਮਹਿੰਦੀ ਦਾ ਬੂਟੜਾ ਹੈ ਅਜੇ ਅੰਞਾਣਾ,
ਜਿਸ ਦੇ ਚਿੱਟੇ ਦੰਦ ਦਾ ਮੈਂ ਚੂੜਾ ਪਾਣਾ,
ਉਹ ਹਥਣੀ ਵਿਚ ਬੇਲਿਆਂ ਵੱਤੇ ਅਲਬੇਲੀ,
ਸਾਹ ਲੈ ਮੌਤੇ ਕਾਹਲੀਏ ਮੈਂ ਅਜੇ ਨਾ ਵਿਹਲੀ ।

ਅਜੇ ਨਾ ਆਪਣੇ ਵੀਰ ਦੀ ਮੈਂ ਘੋੜੀ ਗਾਈ,
ਜੌਂ-ਚਰਵਾਈ ਲਈ ਨਾ, ਨਾ ਵਾਗ ਫੜਾਈ,
ਅਜੇ ਨਾ ਭਾਬੀ ਆਪਣੀ ਨੂੰ ਝਾਤ ਬੁਲਾਈ,
ਨਾ ਮੈਂ ਪੀਂਘਾਂ ਝੂਟੀਆਂ ਨਾ ਸਾਵੇਂ ਖੇਲ੍ਹੀ,
ਸਾਹ ਲੈ ਮੌਤੇ ਕਾਹਲੀਏ ਮੈਂ ਅਜੇ ਨਾ ਵਿਹਲੀ ।

ਹੰਝੂ ਮੇਰੇ ਰਾਖਵੇਂ, ਅਣ-ਵੰਡੀਆਂ ਆਹੀਂ,
ਸਹਿਕਣ ਮੇਰੇ ਦੀਵਿਆਂ ਤਾਈਂ ਖ਼ਨਗਾਹੀਂ,
ਅੱਖਾਂ ਅਜੇ ਨਾ ਮੇਰੀਆਂ ਲੱਗੀਆਂ ਨੇ ਰਾਹੀਂ,
ਨਾ ਮੈਂ ਆਪਣੇ ਹਾਣ ਦਾ ਕੋਈ ਚੁਣਿਆ ਬੇਲੀ,
ਸਾਹ ਲੈ ਮੌਤੇ ਕਾਹਲੀਏ ਮੈਂ ਅਜੇ ਨਾ ਵਿਹਲੀ

Sri Satguru Jagjit Singh Ji eLibrary NamdhariElibrary@gmail.com

ਮੇਰੇ ਪਿੰਡ ਦੀਆਂ ਔਰਤਾਂ

ਕਮਲਗੀਤ ਸਰਹਿੰਦ

ਸਾਰੀਆਂ ਔਰਤਾਂ
ਕਵਿਤਾ ਨਹੀਂ ਹੁੰਦੀਆਂ.....
ਗ਼ਜ਼ਲ ਨਹੀਂ....
ਰੁਬਾਈ ਵੀ ਨਹੀਂ....
ਕੁਝ ਔਰਤਾਂ ਸਫ਼ਰਨਾਮੇ ਹੁੰਦੀਆਂ ਹਨ......!!

ਕਦੇ ਕਿਤੇ ਨਹੀਂ ਜਾਂਦੀਆਂ....
ਨਾ ਹੀ ਟੱਪਦੀਆਂ ਨੇ
ਕਦੇ ਆਪਣੇ ਪਿੰਡ ਦੀ ਜੂਹ ....

ਫੇਰ ਵੀ ਉਹਨਾਂ ਦੇ ਪੈਰਾਂ ਅੰਦਰ
ਪੂਰਾ ਬ੍ਰਹਿਮੰਡ ਤੁਰਦਾ ਹੈ...

ਤਾਈ ਲਖਮੀਰੋ
ਅੱਗ ਵਰਾਉਂਦੀ ਉਮਰ ਵਿੱਚ
ਆਪਣਾ ਹਮਸਫ਼ਰ ਗੁਆ....
ਦੋ ਜੁਆਨ ਪੁੱਤਾਂ ਦੀ
ਅਰਥੀ ਮੋਢਿਆਂ ਤੇ ਢੋਅ....
ਅਗਲੀ ਸਵੇਰ
ਦਾਤੀ ਪੱਲੀ ਆਪਣੀ ਕੱਛ ਵਿੱਚ ਦੱਬ ਕੇ

ਖੇਤ ਨੂੰ ਜਾਣ ਲੱਗੀ ....
ਉਹਨਾਂ ਲੋਕਾਂ ਲਈ
ਦਲੇਰੀ ਦੇ ਨਵੇਂ ਅਰਥ ਸਿਰਜ ਗਈ
ਜੋ ਆਖਦੇ ਸੀ ਕਿ
ਔਰਤ ਦਾ ਸਬਰ
ਬੰਦੇ ਤੋਂ ਕਿਤੇ ਘੱਟ ਹੁੰਦੈ.....

ਸਾਰੀਆਂ ਔਰਤਾਂ
ਗੁਲਾਬ ਨਹੀਂ ਹੁੰਦੀਆਂ
ਚੰਬੇ ਚਮੇਲੀ
ਤੇ ਮੋਗਰੇ ਦੀਆਂ ਕਲੀਆਂ ਵੀ ਨਹੀਂ.....
ਕੁਝ ਔਰਤਾਂ ਅੱਗ ਹੁੰਦੀਆਂ ਹਨ...

ਬੇਬੇ ਬਚਨੀ
ਘਰਵਾਲੇ ਨੂੰ
ਅਧਰੰਗ ਹੋਣ ਮਗਰੋਂ.....
ਸੱਤ ਨਿਆਣਿਆਂ ਦੀ
ਅੱਖਾਂ ਵਿਚਲੀ ਭੁੱਖ ਮਿਟਾਉਣ ਖ਼ਾਤਰ
ਚੁੰਨੀ ਸਿਰ ਤੋਂ ਲਾਹ ਕੇ
ਗ਼ਲ ਵਿੱਚ ਪਾਉਂਦੀ....

ਬੰਦੇ ਵਾਂਗ ਕੰਮ ਨਾਲ ਡਹਿ

ਧੀਆਂ ਪੁੱਤਾਂ ਨੂੰ
ਇਕੱਲੀ ਪਾਲ਼ ਪੋਸ ਵਿਆਹ ਕੇ
ਓਸ ਸਮਾਜ ਲਈ
ਨਵੀਂ ਲੀਕ ਖਿੱਚ ਗਈ.....
ਜੋ ਸੋਚਦਾ ਸੀ ਕਿ
ਬੰਦੇ ਤੋਂ ਬਿਨ੍ਹਾਂ
ਜਨਾਨੀ ਦੇ ਜਵਾਕ ਰੁਲ ਜਾਂਦੇ ਨੇ....

ਸਾਰੀਆਂ ਔਰਤਾਂ ਰੰਗ ਨਹੀਂ ਹੁੰਦੀਆਂ....
ਮਹਿਕ ਨਹੀਂ
ਤੇ ਗੀਤ ਵੀ ਨਹੀਂ
ਕੁਝ ਔਰਤਾਂ ਧੁੱਪ ਹੁੰਦੀਆਂ ਹਨ.....

ਪੇਂਜਿਆਂ ਦੀ ਨਫ਼ੀਸਾ ਬੇਗ਼ਮ...
ਬਾਲ ਬਾਹਰੀ ਹੋ ਕੇ ਤਮਾਮ ਉਮਰ
ਸਾਰੇ ਪਿੰਡ ਦੀ ਚਾਚੀ ਤਾਈ ਮਾਂ ਬਣੀ ....
ਮਰਦੀ ਹੋਈ ਆਖ ਗਈ,
ਕਿ ਹਿੰਦੁਸਤਾਨ
ਮੁਸਲਮਾਨਾਂ ਦਾ ਵੀ ਮੁਲਕ ਹੈ....

ਮੇਰੇ ਮਰਨ ਤੇ ਸੋਗ ਨਾ ਕਰਿਓ
ਹਰ ਮਜ਼ਹਬ ਦਾ ਬੱਚਾ

ਮੇਰੀ ਕਬਰ ਤੇ
ਬੱਸ ਇੱਕ ਫੁੱਲ ਧਰਨਾ.....

ਕਦੇ ਕਦੇ ਸੋਚਦੀ ਹਾਂ
ਮੇਰੇ ਪਿੰਡ ਦੀਆਂ ਔਰਤਾਂ ਤਾਂ
ਕਦੇ ਪਿੰਡ ਦੀ ਦੇਹਲੀ ਨੀ ਟੱਪੀਆਂ......
ਐਨਾ ਸਬਰ...
ਐਨੀ ਦਲੇਰੀ....
ਐਡੀ ਧਰਮ ਨਿਰਪੱਖਤਾ...
ਕੌਣ ਉਨ੍ਹਾਂ ਦੀ
ਮਨ ਮਮਟੀ 'ਚ ਧਰ ਗਿਆ ਹੋਵੇਗਾ...

ਸ਼ਾਇਦ
ਸਾਰੀਆਂ ਹੀ ਔਰਤਾਂ
ਰੱਬ ਹੁੰਦੀਆਂ ਹਨ.....
ਤੇ ਰੱਬ ਨੂੰ ਛੋਟਾ ਕਰਕੇ ਦੇਖਣਾ
ਬੰਦੇ ਦੀ ਹੋਂਦ ਤੋਂ ਮੁਨਕਰ ਹੋਣਾ ਹੈ...।

ਕਮਲਗੀਤ ਸਰਹਿੰਦ
੯੯੧੪੮ ੮੩੧੧੨

ਮਾਂ ਤੇ ਪ੍ਰਯੋਗਵਾਦ

ਡਾ. ਦੇਵਿੰਦਰ ਸੈਫ਼ੀ

ਮਹਾਂਮਾਰੀ ਨਾਲ ਨਜਿੱਠਣ ਵਾਲੀ
ਸਰਕਾਰ ਦੀ ਸਥਿਤੀ ਪਛਾਣਨ ਲਈ
ਨਵੀਂ ਯੋਜਨਾ ਬਾਰੇ ਜਾਣਨ ਲਈ
ਮੈਂ ਅੱਜ ਪ੍ਰਧਾਨ ਮੰਤਰੀ ਦਾ
ਸਾਰਾ ਸੰਬੋਧਨ ਸੁਣਨ ਬਾਰੇ ਸੋਚਿਆ

ਅਜੇ ਸੁਣਨਾ ਸ਼ੁਰੂ ਈ ਕੀਤਾ ਸੀ
ਮਾਂ ਨੇ ਵਿਚਾਲਿਓਂ ਆ ਟੋਕਿਆ
"ਇਹ ਕੋਈ ਕੰਮ ਤਾਂ ਕਰਦਾ ਨਈਂ
ਵਿਹਲਾ ਗੱਲਾਂ ਈ ਕਰੀ ਜਾਂਦਾ
ਗੱਲਾਂ ਨਾਲ ਈ ਲੋਕਾਂ ਦੇ
ਢਿੱਡ ਭਰੀ ਜਾਂਦਾ !
ਚੱਲ ਉੱਠ ! ਵੇਖ !
ਬਾਹਰ ਮੰਗਤਾ ਖੜ੍ਹਾ
ਪਹਿਲਾਂ ਉਹਦੀ ਸੁਣ ਕੇ ਆ
ਬਿਠਾ ਕੇ ਰੋਟੀ ਖੁਆ ਦਈਂ
ਪੈਰੋਂ ਨੰਗਾ ਹੋਇਆ
ਤਾਂ ਜੁੱਤੀ ਜੋੜਾ ਪੁਆ ਦਈਂ
ਬੂਹੇ 'ਤੇ ਖੜ੍ਹੇ ਦੀ ਪਹਿਲਾਂ ਸੁਣਿਆ ਕਰ.....।"

ਗੁਰੂ ਲਾਧੋ ਰੇ.......

– ਵਿਧਾਤਾ ਸਿੰਘ ਤੀਰ

ਦਏ ਲੁਬਾਣਾ ਸਿੱਖ ਦੁਹਾਈ, ਕਰੀਂ ਪਛਾਣ ਸੰਗਤੇ।
ਮੈਨੂੰ ਲੱਭ ਪਿਆ ਸਤਗੁਰ ਸੱਚਾ, ਜਾਣੀ ਜਾਣ ਸੰਗਤੇ।

ਏਸੇ ਮੁਝ ਤੇ ਕਰਮ ਕਮਾਇਆ, ਮੇਰਾ ਬੇੜਾ ਬੰਨੇ ਲਾਇਆ।
ਮੇਰੇ ਸੁਣ ਲਏ ਤਰਲੇ ਹਾੜੇ, ਰਖਿਆ ਮਾਣ ਸੰਗਤੇ।

ਇਹ ਹੈ ਸੱਚਾ ਸਤਿਗੁਰ ਪਿਆਰਾ, ਕਰਦਾ ਦੁਨੀਆਂ ਦਾ ਨਿਸਤਾਰਾ।
ਆਇਆ ਡੁਬਦੇ ਰੁੜ੍ਹਦੇ ਬੇੜੇ, ਬੰਨੇ ਲਾਣ ਸੰਗਤੇ।

ਗੁੱਝੀ ਗੱਲ ਅੱਜ ਹੈ ਖੁਲ੍ਹੀ, ਐਵੇਂ ਭਟਕ ਨਾ ਥਾਂ ਥਾਂ ਭੁਲੀ।
ਐਹ ਤਕ ਬੈਠਾ ਈ ਗੁਰ ਸੋਢੀ, ਸ਼ਾਹ ਸੁਲਤਾਨ ਸੰਗਤੇ।

ਪਾਯਾ ਪੂਰ ਭੇਦ ਲੁਬਾਣੇ, ਇਹ ਗੁਰ ਸਭ ਦੇ ਦਿਲ ਦੀਆਂ ਜਾਣੇ।
ਬਾਈ ਮੰਜੀਆਂ ਵਾਲੇ ਠੱਗ ਨੇ, ਲੁਟ ਲੁਟ ਖਾਣ ਸੰਗਤੇ।

ਸ਼ੱਕ - ਸ਼ਰਧਾ

ਸਤਸੰਗ ਕਰਦਿਆਂ ਕਰਦਿਆਂ ਜਿਸਦੀ ਭਾਵਨਾ ਰੋਜ਼-ਰੋਜ਼ ਵਧਦੀ ਜਾਵੇ, ਸ਼ਰਧਾ ਰੋਜ਼-ਰੋਜ਼ ਵਧਦੀ ਜਾਵੇ, ਸਮਝ ਲੈਣਾ ਚਾਹੀਦਾ ਹੈ ਕਿ ਨਫ਼ੇ ਵਿਚ ਹੈ ਅਤੇ ਜੇ ਸ਼ੱਕ ਵੱਧਦਾ ਜਾਵੇ, ਤਾਂ ਸਮਝ ਲਵੋ ਕਿ ਘਾਟੇ ਵਿਚ ਜਾ ਰਿਹਾ ਹੈ। ਇਹ ਹਿਸਾਬ ਰੋਜ਼-ਰੋਜ਼ ਲਾ ਲੈਣਾ ਚਾਹੀਦਾ ਹੈ। ਸ਼ਰਧਾ ਵਧਦੀ ਪਈ ਹੈ ਕਿ ਸ਼ੱਕ ਵੱਧਦਾ ਪਿਆ ਹੈ। ਆਮ ਮਨੁੱਖਾਂ ਅੰਦਰ ਸ਼ਰਧਾ ਵੀ ਹੈ ਤੇ ਸ਼ੱਕ ਵੀ ਹੈ, ਮਨੁੱਖ ਆਇਆ ਹੈ, ਗੁਰਦਵਾਰੇ ਸ਼ਰਧਾ ਕਰਕੇ, ਗੁਰੂ ਦੀ ਗੱਲ ਸੁਣਨ, ਪਰ ਸ਼ੱਕ ਵੀ ਹੈ, ਹਰ ਗੱਲ ਮੰਨੀ ਨਹੀਂ ਜਾ ਸਕਦੀ। ਸ਼ੱਕ-ਸ਼ਰਧਾ ਸ਼ੱਕ-ਸ਼ਰਧਾ ਸਾਰੀ ਜ਼ਿੰਦਗੀ ਇਸੇ ਤਰ੍ਹਾਂ ਹੀ ਲੰਘ ਜਾਂਦੀ ਹੈ। ਸ਼ਰਧਾ ਕੀਤੀ ਇੱਕ ਕਦਮ ਅੱਗੇ, ਸ਼ੱਕ ਕੀਤਾ ਇੱਕ ਕਦਮ ਪਿੱਛੇ। ਕੋਈ ਬੰਦਾ ਰੋਜ਼ ਹੀ ਇਸ ਤਰ੍ਹਾਂ ਕਰੇ, ਤਾਂ ਕਿੱਥੇ ਪਹੁੰਚੇਗਾ, ਕਿਧਰੇ ਵੀ ਨਹੀਂ। ਪੰਜਾਹ ਪੰਜਾਹ ਸਾਲ ਤੋਂ ਜਿਹੜੇ ਗੁਰਦਵਾਰੇ ਆ ਰਹੇ ਹਨ ਅਤੇ ਬੁੱਢੇ ਹੋ ਗਏ ਹਨ, ਪੰਜਾਹ ਸਾਲ ਪਹਿਲਾਂ ਜਿਥੋਂ ਚੱਲੇ ਸਨ ਅੱਜ ਵੀ ਉੱਥੇ ਹੀ ਹਨ। ਮਜ਼ਾਲ ਐ ਇੱਕ ਕਦਮ ਵੀ ਅੱਗੇ ਗਏ ਹੋਵਣ। ਸ਼ਰਧਾ ਪੈਦਾ ਹੋਈ ਇਹ ਸਤਸੰਗ ਵਿਚ ਬੈਠਾ ਹੈ, ਸ਼ੱਕ ਪੈਦਾ ਹੋਇਆ ਇਹ ਕੁਸੰਗਤ ਵਿਚ ਜਾ ਬੈਠਾ ਹੈ। ਜੋ ਕਿਸੇ ਵਕਤ ਦਾਨ ਕਰਦਾ ਹੈ, ਉਹੀ ਕਿਸੇ ਵਕਤ ਬੇਈਮਾਨੀ ਪਿਆ ਕਰਦਾ ਹੈ। ਜੋ ਕਿਸੇ ਸਮੇਂ ਦਯਾ ਕਰਦਾ ਹੈ, ਉਹੀ ਕ੍ਰੋਧੀ ਹੈ। ਹੈਰਾਨੀ ਹੈ ਕਿ ਵੱਡੇ ਵੱਡੇ ਦਾਨੀ, ਬੇਈਮਾਨ ਦੇਖੇ ਗਏ ਹਨ। ਸ਼ਰਧਾ ਪੈਦਾ ਹੋਈ, ਗੁਰੂ ਦੇ ਸ਼ਬਦ ਗਾ ਰਿਹਾ ਹੈ, ਗੁਰੂ ਦੇ ਸ਼ਬਦ ਸੁਣ ਰਿਹਾ ਹੈ, ਪਰ ਸ਼ੱਕ ਪੈਦਾ ਹੋਇਆ, ਗੰਦੇ ਗੀਤ ਅਲਾਪ ਰਿਹਾ ਹੈ, ਗੰਦੇ ਗੀਤ ਸੁਣ ਰਿਹਾ ਹੈ। ਸ਼ਰਧਾ ਪੈਦਾ ਹੋਈ, ਬਾਣੀ ਪੜ੍ਹ ਰਿਹਾ ਹੈ ਸ਼ੱਕ ਪੈਦਾ ਹੋਈ ਗੰਦੇ ਨਾਵਲ ਪੜ੍ਹ ਰਿਹਾ ਹੈ। ਹੈਰਾਨੀ

ਦੀ ਗੱਲ ਹੈ, ਜਿਨ੍ਹਾਂ ਦੇ ਹੱਥ ਵਿਚ ਗੁਟਕੇ ਹੁੰਦੇ ਹਨ, ਸੁਖਮਨੀ ਸਾਹਿਬ ਦੇ, ਉਨ੍ਹਾਂ ਦੇ ਹੱਥਾਂ ਵਿਚ ਹੀ ਗੰਦੀਆਂ ਫ਼ਿਲਮਾਂ ਤੇ ਗੀਤਾਂ ਨਾਲ ਭਰੇ ਮੋਬਾਈਲ ਦੇਖੀਦੇ ਹਨ ਅਤੇ ਸਾਰੀ ਜ਼ਿੰਦਗੀ ਇਸੇ ਤਰ੍ਹਾਂ ਹੀ ਲੰਘ ਜਾਂਦੀ ਹੈ, ਸ਼ੱਕ ਤੇ ਸ਼ਰਧਾ ਵਿਚ। ਇੱਕ ਕਦਮ ਅੱਗੇ ਇੱਕ ਕਦਮ ਪਿੱਛੇ ਤੇ ਮਨੁੱਖ ਕਿਧਰੇ ਵੀ ਨਹੀਂ ਪਹੁੰਚਦਾ ਤੇ ਇਹ ਸ਼ਰਧਾ, ਇਹ ਭਰੋਸਾ ਹੀ ਤਾਂ ਬੜੀ ਔਖੀ ਗੱਲ ਹੈ।

'ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥
ਤਤੁ ਗਿਆਨ ਤਿਸੁ ਮਨਿ ਪ੍ਰਗਟਾਇਆ॥ (ਅੰਗ-੨੮੫)

ਲਾਸ਼ਾਂ ਢੋਂਦੀ ਗੰਗਾ

ਪਾਰੁਲ ਖੱਖਰ ਦੀ ਗੁਜਰਾਤੀ ਕਵਿਤਾ

ਕੱਠੇ ਹੋ ਸਭ ਮੁਰਦੇ ਬੋਲੇ,
“ਸਭ ਕੁਛ ਚੰਗਾ ਚੰਗਾ”
ਰਾਜਨ ਤੇਰੇ ਰਾਮਰਾਜ ਵਿਚ
ਲਾਸ਼ਾਂ ਢੋਵੇ ਗੰਗਾ

ਸ਼ਮਸ਼ਾਨ ਘਾਟ ਸਭ ਭਰ ਗਏ ਤੇਰੇ,
ਲੱਕੜਾਂ ਬਲ ਬਲ ਮੁੱਕੀਆਂ।
ਥੱਕ ਗਏ ਨੇ ਮੋਢੇ ਸਾਰੇ,
ਅੱਖੀਆਂ ਰੋ ਰੋ ਸੁੱਕੀਆਂ।
ਦਰ ਦਰ ਜਾ ਜਮਦੂਤ ਖੇਲਦੇ,
ਮੌਤ-ਨਾਚ ਬੇਢੰਗਾ।
ਰਾਜਨ ਤੇਰੇ ਰਾਮਰਾਜ ਵਿਚ
ਲਾਸ਼ਾਂ ਢੋਵੇ ਗੰਗਾ।

ਦਿਨ ਰਾਤ ਜੋ ਬਲਣ ਚਿਤਾਵਾਂ,
ਰੋਕ ਨਾ ਪੈਂਦੀ ਪਲ ਭਰ।
ਟੁੱਟੀ ਜਾਂਦੇ ਗਜਰੇ ਵੰਙਾਂ,
ਛਾਤੀਆਂ ਪਿੱਟਣ ਘਰ ਘਰ।
ਲਾਟਾਂ ਦੇਖ ਵੀ ਮੱਛਰੀ ਫਿਰਦੀ,

Sri Satguru Jagjit Singh Ji eLibrary NamdhariElibrary@gmail.com

ਜੋੜੀ 'ਬਿੱਲਾ-ਰੰਗਾ'।
ਰਾਜਨ ਤੇਰੇ ਰਾਮਰਾਜ ਵਿਚ
ਲਾਸ਼ਾਂ ਢੋਵੇ ਗੰਗਾ।

ਰਾਜਨ ਤੇਰੇ ਉਜਲੇ ਵਸਤਰ,
ਕਹਿਣ ਤੂੰ ਰੱਬੀ ਜੋਤੀ।
ਤੂੰ ਜੋ ਸੀ ਪੱਥਰ ਤੋਂ ਭੈੜਾ,
ਰਹੇ ਸਮਝਦੇ ਮੋਤੀ।
ਹਿੰਮਤ ਹੈ ਤਾਂ ਬੋਲੋ ਭਾਈ,
ਸਾਡਾ ਰਾਜਨ ਨੰਗਾ।
ਰਾਜਨ ਤੇਰੇ ਰਾਮਰਾਜ ਵਿਚ
ਲਾਸ਼ਾਂ ਢੋਵੇ ਗੰਗਾ।

(ਪੰਜਾਬੀ ਅਨੁਵਾਦ: ਜਸਵੰਤ ਜ਼ਫ਼ਰ)

Sri Satguru Jagjit Singh Ji eLibrary NamdhariElibrary@gmail.com

ਮਸ਼ਾਲਾਂ ਬਾਲ ਕੇ ਚੱਲਣਾ

– ਮਹਿੰਦਰ ਸਾਥੀ –

ਮਸ਼ਾਲਾਂ ਬਾਲ ਕੇ ਚੱਲਣਾ, ਜਦੋਂ ਤਕ ਰਾਤ ਬਾਕੀ ਹੈ ।
ਸੰਭਲ ਕੇ ਹਰ ਕਦਮ ਰੱਖਣਾ, ਜਦੋਂ ਤਕ ਰਾਤ ਬਾਕੀ ਹੈ ।

ਮਿਲੂ ਮਨਸੂਰ ਨੂੰ ਸੂਲੀ, ਤੇ ਵਿਸ਼ ਸੁਕਰਾਤ ਦੇ ਹਿੱਸੇ
ਰਹੇਗਾ ਜੁਰਮ ਸੱਚ ਕਹਿਣਾ, ਜਦੋਂ ਤਕ ਰਾਤ ਬਾਕੀ ਹੈ ।

ਪਸੀਨੇ ਦੀ ਤਾਂ ਗੱਲ ਛੱਡੋ, ਲਹੂ ਮਜ਼ਦੂਰ ਦਾ ਯਾਰੋ
ਇਹ ਸਸਤਾ ਪਾਣੀਓਂ ਰਹਿਣਾ, ਜਦੋਂ ਤਕ ਰਾਤ ਬਾਕੀ ਹੈ ।

ਬਣੇਗਾ ਇਸ਼ਕ ਮੇਰਾ ਓਦੋਂ ਤਕ ਬਾਰੂਦ ਦਾ ਖਾਜਾ
ਤੇ ਤੇਰੇ ਹੁਸਨ ਨੇ ਵਿਕਣਾ, ਜਦੋਂ ਤਕ ਰਾਤ ਬਾਕੀ ਹੈ ।

ਰਗੜ ਮੱਥਾ ਤੂੰ ਮੰਦਰ ਵਿਚ, ਜਾਂ ਮਸਜਿਦ ਵਿਚ ਤੂੰ ਕਰ ਸਿਜਦੇ
ਤੇਰੇ ਦੁੱਖਾਂ ਨਹੀਂ ਮਿਟਣਾ, ਜਦੋਂ ਤਕ ਰਾਤ ਬਾਕੀ ਹੈ ।

ਹਕੀਕਤ ਤਾਂ ਹੈ ਕਿ ਮਿਰਜ਼ੇ ਗਏ ਮਾਰੇ ਨੇ ਬੰਨ੍ਹ ਬੰਨ੍ਹ ਕੇ
ਤੇ ਖ਼ਬਰੀਂ 'ਟਾਕਰਾ ' ਛਪਣਾ, ਜਦੋਂ ਤਕ ਰਾਤ ਬਾਕੀ ਹੈ ।

ਹਨੇਰੇ ਦੀ ਅਦਾਲਤ ਵਿਚ, ਹੈ ਕੀ ਫ਼ਰਿਆਦ ਦਾ ਫ਼ਾਇਦਾ

Sri Satguru Jagjit Singh Ji eLibrary NamdhariElibrary@gmail.com

ਤੂੰ ਕਰ ਸੰਗਰਾਮ ਐ ਸਜਣਾ, ਜਦੋਂ ਤਕ ਰਾਤ ਬਾਕੀ ਹੈ ।

ਮੇਰਾ ਮੱਥਾ ਰਹੂ ਭੱਥਾ ਇਹ ਬਣਿਆਂ ਰੋਹ ਦੇ ਤੀਰਾਂ ਦਾ
ਨਹੀਂ ਇਸ ਤਿਊੜੀ ਨੇ ਮਿਟਣਾ, ਜਦੋਂ ਤਕ ਰਾਤ ਬਾਕੀ ਹੈ

ਲੜਨਗੇ ਨਾਲ ਤੇਰੇ ਐ ਹਨੇਰੇ ! ਅੰਤ ਤਕ 'ਸਾਥੀ '
ਇਨਾਂ ਨਈਂ ਚੈਣ ਸੰਗ ਬਹਿਣਾ, ਜਦੋਂ ਤਕ ਰਾਤ ਬਾਕੀ ਹੈ ।

ਤੁਰ ਗਿਆ ਮੋਗੇ ਦਾ ਮਸ਼ਾਲਾਂ ਬਾਲ਼ ਕੇ ਰੱਖਣ ਦਾ ਹੋਕਾ ਦੇਣ ਵਾਲਾ ਮਹਿੰਦਰ ਸਾਥੀ :

ਲਾਸ਼ਾਂ-ਢੋਣੀ ਗੰਗਾ

(ਪਾਰੁਲ ਖੱਖਰ ਦੀ ਗੁਜਰਾਤੀ ਕਵਿਤਾ 'ਸ਼ਵ-ਵਾਹਿਨੀ')
ਪੰਜਾਬੀ ਤਰਜਮਾ - ਸੁਕੀਰਤ)

ਇਕੇ ਸਾਹ ਸਭ ਮੁਰਦੇ ਬੋਲੇ 'ਸਭ ਕੁਝ ਚੰਗਾ-ਚੰਗਾ'
ਸਾਹਬ ਤੇਰੇ ਰਾਮਰਾਜ ਵਿਚ ਲਾਸ਼ਾਂ-ਢੋਣੀ ਗੰਗਾ

ਮੁੱਕ ਗਏ ਸ਼ਮਸ਼ਾਨ ਨੇ ਤੇਰੇ, ਮੁੱਕੀ ਬਾਲਣ ਦੀ ਬੋਰੀ
ਥੱਕ ਗਏ ਸਭਨਾਂ ਦੇ ਮੋਢੇ, ਅੱਖ ਹੰਝੂਆਂ ਤੋਂ ਕੋਰੀ
ਦਰ ਦਰ ਜਾ ਜਮਦੂਤ ਖੇਡਦੇ, ਮੌਤ ਦਾ ਨਾਚ ਇਹ ਨੰਗਾ
ਸਾਹਬ ਤੇਰੇ ਰਾਮਰਾਜ ਵਿਚ ਲਾਸ਼ਾਂ-ਢੋਣੀ ਗੰਗਾ

ਨਿਤ ਨਿਰੰਤਰ ਸਿਵੇ ਨੇ ਬਲਦੇ
ਸਾਹ ਲੈਣ ਦੀ ਵਿਹਲ ਨਾ ਪਲ ਭਰ
ਨਿਤ ਨਿਰੰਤਰ ਟੁੱਟਦੇ ਚੂੜੇ
ਹਰ ਘਰ ਵਿਚ ਪੈਣ ਦੁਹੱਥੜ
ਲਾਟਾਂ ਵੇਖ ਵਜਾਵਣ ਬੰਸੀ, ਵਾਹ ਓਏ 'ਬਿੱਲਾ-ਰੰਗਾ'
ਸਾਹਬ ਤੇਰੇ ਰਾਮਰਾਜ ਵਿਚ ਲਾਸ਼ਾਂ-ਢੋਣੀ ਗੰਗਾ

ਸਾਹਬ ਤੇਰੇ ਵਸਤਰ ਗ਼ੈਬੀ, ਦੇਵਾਂ ਜੇਹੀ ਜੋਤੀ
ਕਾਸ਼ ਲੋਕ ਤੇਰਾ ਮੂਲ ਪਛਾਣਨ, ਤੂੰ ਪੱਥਰ, ਨਹੀਂ ਮੋਤੀ
ਹੈ ਹਿੰਮਤ ਤਾਂ ਆ ਕੇ ਬੋਲੋ 'ਮੇਰਾ ਸਾਹਬ ਨੰਗਾ'
ਸਾਹਬ ਤੇਰੇ ਰਾਮਰਾਜ ਵਿਚ ਲਾਸ਼ਾਂ-ਢੋਣੀ ਗੰਗਾ

Sri Satguru Jagjit Singh Ji eLibrary NamdhariElibrary@gmail.com

ਈਦ ਮੁਬਾਰਕ

ਹਰਮੀਤ ਕੌਰ ਮੀਤ

ਈਦ ਮੁਬਾਰਕ ਨਾਨਕ ਸ਼ਾਹ ਫ਼ਕੀਰ ਨੂੰ
ਈਦ ਮੁਬਾਰਕ ਹੋਵੇ ਉੱਚ ਦੇ ਪੀਰ ਨੂੰ
ਈਦ ਮੁਬਾਰਕ ਹੋਵੇ ਪੰਜਾਂ ਪਾਣੀਆਂ ਨੂੰ
ਈਦ ਮੁਬਾਰਕ ਸਭ ਸੰਸਾਰ ਪ੍ਰਾਣੀਆਂ ਨੂੰ
ਈਦ ਮੁਬਾਰਕ ਹੋਵੇ ਯਸੂਹ ਮਸੀਹ ਨੂੰ
ਈਦ ਮੁਬਾਰਕ ਉਹਦੀ ਪਾਈ ਲੀਹ ਨੂੰ
ਈਦ ਮੁਬਾਰਕ ਰਾਮ ਕ੍ਰਿਸ਼ਨ ਮੁਰਾਰੀ ਨੂੰ
ਈਦ ਮੁਬਾਰਕ ਰਾਧਾ ਮੀਰਾ ਪਿਆਰੀ ਨੂੰ
ਈਦ ਮੁਬਾਰਕ ਹੋਵੇ ਬੋਧੀ ਜੈਨੀ ਨੂੰ
ਈਦ ਮੁਬਾਰਕ ਹੈ ਸਰਬੰਸ ਦੇ ਦਾਨੀ ਨੂੰ
ਈਦ ਮੁਬਾਰਕ ਸਰਹੰਦ ਦੀ ਦੀਵਾਰ ਨੂੰ
ਈਦ ਮੁਬਾਰਕ ਮਾਂ ਗੁਜਰੀ ਦੇ ਪਿਆਰ ਨੂੰ
ਗੁਰੂ ਗ੍ਰੰਥ, ਬਾਈਬਲ, ਗੀਤਾ,ਕੁਰਾਨ ਨੂੰ
ਈਦ ਮੁਬਾਰਕ ਧਰਤੀ ਦੇ ਹਰ ਮਹਿਮਾਨ ਨੂੰ
ਈਦ ਮੁਬਾਰਕ ਹੋਵੇ ਬੀਬੀ ਕੌਲਾਂ ਨੂੰ
ਈਦ ਮੁਬਾਰਕ ਗੁਰੂ ਨਾਨਕ ਦੇ ਬੋਲਾਂ ਨੂੰ
ਈਦ ਮੁਬਾਰਕ ਹੋਵੇ ਭਾਈ ਮਰਦਾਨੇ ਨੂੰ
ਗੁਰੂ ਨਾਨਕ ਦੇ ਸੋਹਣੇ ਯਾਰ ਦੀਵਾਨੇ ਨੂੰ
ਈਦ ਮੁਬਾਰਕ ਸਾਈ ਮੀਆਂ ਮੀਰ ਨੂੰ

ਈਦ ਮੁਬਾਰਕ ਹੋਵੇ ਹਰ ਦਿਲਗੀਰ ਨੂੰ
ਈਦ ਮੁਬਾਰਕ ਹੋਵੇ ਭਗਤ ਫ਼ਰੀਦ ਨੂੰ
ਈਦ ਮੁਬਾਰਕ ਉਸਦੇ ਹਰ ਮੁਰੀਦ ਨੂੰ
ਈਦ ਮੁਬਾਰਕ ਹੋਵੇ ਸੱਚ ਦੇ ਰਾਹੀ ਨੂੰ
ਈਦ ਮੁਬਾਰਕ ਪਿਆਰੇ ਸੱਚੇ ਮਾਹੀ ਨੂੰ
ਈਦ ਮੁਬਾਰਕ ਨਬੀ ਤੇ ਗਨੀ ਭਰਾਵਾਂ ਨੂੰ
ਸ਼ੇਰ ਮੁਹੰਮਦ ਖਾਨ ਦੇ ਸੋਹਣੇ ਰਾਹਾਂ ਨੂੰ
ਈਦ ਮੁਬਾਰਕ ਪੀਰ ਬੁੱਧੂ ਸ਼ਾਹ ਨੂੰ
ਈਦ ਮੁਬਾਰਕ ਤੇਰੇ ਵੱਲ ਜਾਂਦੇ ਰਾਹ ਨੂੰ
ਈਦ ਮੁਬਾਰਕ ਜਗ ਦੇ ਸੱਚੇ ਮਾਹੀ ਨੂੰ
ਈਦ ਮੁਬਾਰਕ ਨਾਨਕ ਦੇ ਹਰ ਰਾਹੀ ਨੂੰ
ਈਦ ਮੁਬਾਰਕ ਹੋਵੇ ਬੀਬੀ ਮੁਮਤਾਜ ਨੂੰ
ਈਦ ਮੁਬਾਰਕ ਪਿਆਰ ਦੇ ਸੁੱਚੇ ਤਾਜ ਨੂੰ
ਈਦ ਮੁਬਾਰਕ ਹੋਵੇ ਮੋਤੀ ਪਰਿਵਾਰ ਨੂੰ
ਈਦ ਮੁਬਾਰਕ ਟੋਡਰ ਮਲ ਸਰਕਾਰ ਨੂੰ
ਈਦ ਮੁਬਾਰਕ ਭੀਖਣ ਵਰਗੇ ਪੀਰ ਨੂੰ
ਈਦ ਮੁਬਾਰਕ ਹਰ ਸੱਚੇ ਫ਼ਕੀਰ ਨੂੰ
ਈਦ ਮੁਬਾਰਕ ਸੱਤੇ ਤੇ ਬਲਵੰਡ ਨੂੰ
ਈਦ ਮੁਬਾਰਕ ਸਿੱਖੀ ਦੀ ਹਰ ਪੰਡ ਨੂੰ
ਈਦ ਮੁਬਾਰਕ ਮੀਤ ਸਭ ਸੰਸਾਰ ਨੂੰ
ਈਦ ਮੁਬਾਰਕ ਇਸ਼ਕ,ਮੁਹੱਬਤ,ਪਿਆਰ ਨੂੰ
ਹਰਮੀਤ ਕੌਰ ਮੀਤ ਗੁਰਦਾਸਪੁਰ੭੫੦੮੦੪੨੯੦੦

ਤੇ ਮੇਰੀ ਮੌਤ ਹੋ ਗਈ

ਡਾ ਰਵੇਲ ਸਿੰਘ ਦੀ ਦਿਲ ਦਿਮਾਗ ਨੂੰ ਹਲੂਣਦੀ ਨਜ਼ਮ

(ਇਕ ਸੱਚੀ ਘਟਨਾ ਦੇ ਹਵਾਲੇ ਨਾਲ)

ਮੈਂ ਹਾਲੇ ਉਦੋਂ ਜ਼ਿੰਦਾ ਸਾਂ
ਮੇਰੇ ਬੇਟੇ ਨੇ ਮੇਰੇ ਨੱਕ ਤੋਂ ਆਕਸੀਜਨ ਦੀ ਨਾਲੀ ਉਤਾਰ
ਕਾਹਲੀ ਨਾਲ ਜਦੋਂ ਆਪਣੀ ਮਾਂ ਦੇ ਮੂੰਹ ਉਤੇ ਲਗਾਈ ਸੀ......

ਮੇਰੇ ਵਾਰਡ ਵਿਚ ਹਰ ਤਰਫ਼ ਹਫੜਾ ਦਫੜੀ ਸੀ
ਹੱਥ ਪੈਰ ਮਾਰ ਰਹੇ
ਵਾਰਡ ਬੁਆਏ, ਨਰਸਾਂ. ਮਰੀਜ਼ਾਂ ਦੇ ਘਰ ਦੇ ਜੀਅ.........

ਲਗਾ ਰਹੇ ਸਨ ਸਾਹੋਂ ਸਹਿਕਦੇ ਮਰੀਜ਼ਾਂ ਨੂੰ
ਆਕਸੀਜਨ
ਲਾਸ਼ਾਂ ਦੇ ਮੂੰਹਾਂ ਤੋਂ ਲਾਹ
ਇਸ ਉਮੀਦ ਨਾਲ
ਕਿ ਸ਼ਾਇਦ ਕੋਈ ਬਚ ਹੀ ਜਾਏ ਮਾਂ ਦਾ ਜਾਇਆ।
ਮੌਤ ਤੇ ਜੀਵਨ ਦੀ ਇਸ ਜੰਗ ਵਿਚ
ਮੈਂ ਥੋੜਾ ਬਹੁਤ ਬਚਿਆ ਹੋਇਆ ਸਾਂ।

ਪਤਨੀ ਦੇ ਉਖੜੇ ਸਾਹ ਟਿਕ ਰਹੇ ਸਨ
ਪਰ ਨਾਲ ਦੇ ਬੈਡਾਂ ਤੇ ਪਏ ਹੋਰ ਸਾਥੀ

ਏਨੇ ਖੁਸ਼ਕਿਸਮਤ ਨਹੀਂ ਸਨ....
ਮੇਰੇ ਦੇਖਦਿਆਂ ਦੇਖਦਿਆ ਹੀ
'ਅੱਛਾ ਤੋ ਹਮ ਚਲਤੇ ਹੈਂ' ਕਹਿੰਦੇ
ਆਪਣੀਆਂ ਦੇਹਾਂ ਤੋਂ ਉਪਰ ਉਠ ਰਹੇ ਸਨ।

ਮੈਂ ਹਾਲੇ ਮਰਿਆ ਨਹੀਂ ਸਾਂ
ਪਤਾ ਨਹੀਂ ਮੇਰੀ ਬੇਟੀ ਕਿਉਂ
ਮੇਰੇ ਨਾਲ ਲਿਪਟ ਕੇ ਰੋਣ ਲੱਗ ਪਈ ਸੀ।
ਪੀ ਪੀ ਕਿੱਟ ਵਿਚ ਮੇਰੀ ਧੀ........

ਤੇ ਚਿੱਟੇ ਮਰੀਜ਼ੀ ਲਿਬਾਸ ਵਿਚ ਮੈਂ
ਦੋਵੇਂ ਕੱਫਣ ਦਾ ਸਮਾਨ ਲੱਗ ਰਹੇ ਸਾਂ....
ਉਹਦੇ ਗਲ ਦਾ ਹਾਰ
ਆਕਸੀਜ਼ਨ ਸਿਲੰਡਰ ਦਾ ਇੰਤਜ਼ਾਮ
ਕਰਦਿਆ ਚਲਾ ਗਿਆ ਸੀ।

ਉਹ ਮੇਰੇ ਨਾਲ ਲਿਪਟ ਕੇ ਹੋਰ ਰੋਣਾ ਚਾਹੁੰਦੀ ਸੀ
ਪਿਛੋਂ ਵਾਰਡ ਬੁਆਏ ਕੜਕ ਕੇ ਬੋਲਿਆ
"ਇਹਨੂੰ ਸ਼ਮਸ਼ਾਨ ਲੈ ਜਾਓ ਮੈਡਮ
ਪਿਛੇ ਹੋਰ ਵੀ ਕਤਾਰ ਵਿਚ ਨੇ"
ਉਹ ਸਟ੍ਰੈਚਰ ਧੱਕਦੀ ਬਾਹਰ ਆਈ

Sri Satguru Jagjit Singh Ji eLibrary NamdhariElibrary@gmail.com

ਐਮਬੂਲੈਂਸ ਵਾਲੇ ਨੇ ਬਾਰਾਂ ਹਜ਼ਾਰ ਦੀ ਮੰਗ ਕੀਤੀ।
ਸਾਨੂੰ ਆਪਣੇ ਕੰਨਾਂ ਤੇ ਯਕੀਨ ਨਹੀਂ ਸੀ ਹੋ ਰਿਹਾ
ਭਲਾ ਆਹ ਚਾਰ ਕਿਲੋਮੀਟਰ ਤੱਕ ਜਾਣ ਦੇ ਐਨੇ ਪੈਸੇ।
“ਚਲਣਾ ਹੈ ਤਾਂ ਦੱਸ.... ਨਹੀਂ ਤਾਂ
ਆਪਣੇ ਕੰਧੇ ਓਤੇ ਟੰਗ ਕੇ ਲੈ ਜਾ ਪਿਓ ਨੂੰ”

ਜੀਅ ਤਾਂ ਕਰਦਾ ਸੀ
ਸਟਰੈਚਰ ਤੋਂ ਉਠ ਫੜ ਲਾਂ ਗਲ ਤੋਂ ਇਸ ਬਦਤਮੀਜ਼ ਨੂੰ।
ਪਰ ਇਹ ਮੇਰੀ ਪਹੁੰਚ ਤੋਂ ਦੂਰ ਸੀ...
ਮੇਰੀ ਧੀ ਨੇ ਆਪਣੇ ਕੰਗਣ ਉਤਾਰ ਦਿੱਤੇ ਸਨ
ਮੈਨੂੰ ਆਖਰੀ ਝੂਟਾ ਜੋ ਦੇਣਾ ਸੀ।

ਸਮਸ਼ਾਨ ਦੀ ਚਿਮਨੀ ਦਾ ਧੂੰਆਂ ਬਹੁਤ ਗਾੜ੍ਹਾਂ ਸੀ।
ਬੇਟੀ ਨੂੰ ਇਕ ਟੋਕਨ ਫੜਾ
ਮੈਨੂੰ ਹੋਰ ਲਾਸ਼ਾ ਵਿਚ ਧੱਕ ਦਿੱਤਾ ਗਿਆ।
ਮੈਂ ਤਦ ਤੱਕ ਜ਼ਿੰਦਾ ਸੀ.....

ਸ਼ਮਸ਼ਾਨ ਵਾਲਿਆ ਨੇ ਲੱਕੜੀ ਦਾ ਸੱਤ ਹਜ਼ਾਰ ਮੰਗਿਆ
ਜਿਵੇਂ ਲਾਸ਼ ਉਤਸਵ ਮਨਾ ਰਹੇ ਹੋਣ।
ਬੇਟੀ ਨੇ ਆਪਣਾ ਆਖਰੀ ਗਹਿਣਾ
ਮੁੰਦਰੀ ਵੀ ਉਤਾਰ ਦਿੱਤੀ।
ਜਦ ਮੇਰੇ ‘ਤੇ ਲੱਕੜਾਂ ਚਿਣੀਆਂ ਜਾ ਰਹੀਆਂ ਸਨ...

ਤੇ ਜਦੋਂ ਲਾਂਬੂ ਲਾਇਆ ਗਿਆ
ਉਦੋਂ ਵੀ....ਮੈਂ ਜ਼ਿੰਦਾ ਹੀ ਸਾਂ।

ਲਪਟਾਂ ਚੋਂ ਝਾਕ ਦੇਖਦਾ ਹਾਂ
ਪੰਡਿਤ ਬੇਟੀ ਨੂੰ ਉਪਦੇਸ਼ ਦੇ ਰਿਹਾ ਸੀ।
'ਇਹਦੀ ਮੁਕਤੀ ਲਈ ਪੂਜਾ ਜ਼ਰੂਰੀ ਹੈ...
ਦੋ ਹਜ਼ਾਰ ਦਕਸ਼ਣਾ ਤਾਂ ਦੇਣੀ ਪਏਗੀ।
ਮੈਂ ਬੇਟੀ ਵੱਲ ਤੱਕਿਆ...
ਉਸ ਕੋਲ ਉਤਾਰਨ ਲਈ
ਤਨ ਦੇ ਕੱਪੜੇ ਹੀ ਬਚੇ ਸਨ....
........ਤੇ ਹੁਣ ਮੇਰੀ ਮੌਤ ਹੋ ਗਈ ਸੀ।

Sri Satguru Jagjit Singh Ji eLibrary NamdhariElibrary@gmail.com

ਲੰਗਰ ਪ੍ਰਸ਼ਾਦਿ

(ਸਵਾਮੀ ਅੰਤਰ ਨੀਰਵ)

੧

ਉਦਾਸੀਆਂ ਤੇ
ਤੁਰਦੇ, ਨਾਨਕ ਨੂੰ
ਭੁੱਖ ਦਾ ਪਤਾ ਹੈ
ਕਿਸੇ ਨੂੰ
ਭੁੱਖਾ ਨਹੀਂ ਰਹਿਣ ਦੇਵੇਗਾ
ਆਪਣੇ ਦੁਆਰੇ ਉਹ

੨

ਵਡੇਰੇ ਆਂਹਦੇ
ਲੰਗਰ ਤੱਤਾ ਨਹੀਂ ਛੱਕੋ
ਤੱਤੀ ਖਾਂਵਦੇ
ਲੂਣ ਘੱਟ ਲਗਦਾ
ਮਿਰਚਾਂ ਵੱਧ
ਪ੍ਰਸ਼ਾਦਾ ਪ੍ਰਸ਼ਾਦਾ ਨਹੀਂ ਰਹਿੰਦਾ

੩

ਆਖਦੇ
ਲੰਗਰ ਛੱਕਦਿਆਂ

ਭੁੱਖ ਦਾ ਦਸਵੰਧ ਕੱਢੋ
ਕੁਝ ਆਪਣੇ ਤੋਂ ਜੋੜੋ
ਜੁੱਠਾ ਨਾ ਛੋੜੋ।

ਬੋਲੀ ਕਿਵੇਂ ਮਰਦੀ ਹੈ

ਪਹਿਲੀ ਪੀੜੀ: ਮੇਰੇ ਮਾਂ ਬਾਪ ਪੰਜਾਬੀ ਬੋਲਤੇ ਥੇ ਮਗਰ ਮੁਝੇ ਪੰਜਾਬੀ ਨਹੀਂ ਆਤੀ ਕਿਉਂਕਿ ਮੇਰੇ ਮਾਂ ਬਾਪ ਨੇ ਮੇਰੇ ਸਾਥ ਹਿੰਦੀ ਹੀ ਬੋਲੀ ਹੈ। ਮਗਰ ਕੋਈ ਪੰਜਾਬੀ ਬੋਲੇ ਤੋ ਮੁਝੇ ਸਮਝ ਆ ਜਾਤੀ ਹੈ।

ਦੂਸਰੀ ਪੀੜੀ: ਮੁਝੇ ਪੰਜਾਬੀ ਨਹੀਂ ਆਤੀ ਮਗਰ ਮੇਰੇ ਦਾਦਾ ਦਾਦੀ ਪੰਜਾਬੀ ਬੋਲਤੇ ਥੇ, ਮੇਰੇ ਮਾਂ ਬਾਪ ਨੇ ਕਭੀ ਪੰਜਾਬੀ ਨਹੀਂ ਬੋਲੀ, ਵੋ ਤੋ ਬਚਪਨ ਸੇ ਹੀ ਹਿੰਦੀ ਬੋਲਤੇ ਥੇ, ਅਗਰ ਕੋਈ ਪੰਜਾਬੀ ਬੋਲੇ ਤੋ ਕੋਈ ਕੋਈ ਲਫਜ਼ ਮੁਝੇ ਸਮਝ ਆਤਾ ਹੈ।

ਤੀਸਰੀ ਪੀੜੀ: ਸੁਨਾ ਹੈ ਕਿ ਮੇਰੇ ਪਰਦਾਦਾ ਪਰਦਾਦੀ ਪੰਜਾਬੀ ਬੋਲਤੇ ਥੇ। ਕਿਉਂਕਿ ਮੇਰੇ ਮਾਂ ਬਾਪ ਔਰ ਦਾਦਾ ਦਾਦੀ ਨੇ ਕਭੀ ਪੰਜਾਬੀ ਬੋਲੀ ਹੀ ਨਹੀਂ ਤੋ ਮੁਝੇ ਪੰਜਾਬੀ ਕੇ ਲਫ਼ਜ਼ ਸਮਝ ਨਹੀਂ ਆਤੇ।

ਚੌਥੀ ਪੀੜੀ: ਦੇਖੀਏ ਹਮ ਪੰਜਾਬੀ ਨਹੀਂ ਹੈਂ। ਹਮਾਰੇ ਮਾਂ ਬਾਪ ਦਾਦਾ ਦਾਦੀ ਸਭ ਹਿੰਦੀ ਬੋਲਤੇ ਥੇ। ਹਮਨੇ ਤੋ ਪੰਜਾਬ ਦੇਖਾ ਹੀ ਨਹੀਂ, ਹਮ ਤੋ ਦਿੱਲੀ ਕੇ ਹੀ ਹੈਂ।

ਇਸ ਤਰਾਂ ਸਾਡੇ ਪਰਿਵਾਰ ਵਿੱਚੋਂ ਪੀੜੀ ਦਰ ਪੀੜੀ ਹੌਲੀ-ਹੌਲੀ ਪੰਜਾਬੀ ਬੋਲੀ ਖਤਮ ਹੁੰਦੀ ਜਾ ਰਹੀ ਹੈ।

ਜੇ ਅਸੀਂ ਆਪਣੀ ਪਹਿਲੀ ਪੀੜੀ ਨੂੰ ਸਾਂਭ ਲਵਾਂਗੇ, ਤਾਂ ਅਗਲੀਆਂ ਪੀੜੀਆਂ ਆਪੇ ਸਾਂਭੀਆਂ ਜਾਣਗੀਆਂ।

ਬੇਨਤੀ ਹੈ ਕਿ ਆਪਣੇ ਬੱਚਿਆਂ ਨਾਲ ਪੰਜਾਬੀ ਬੋਲੋ, ਘਰ ਵਿੱਚ ਪੰਜਾਬੀ ਦਾ ਅਖਬਾਰ ਤੇ ਰਸਾਲਾ ਲਗਵਾਓ।

ਬੱਚਿਆਂ ਨੂੰ ਪੰਜਾਬੀ ਬੋਲਣ ਤੇ ਪੜ੍ਹਨ ਲਈ ਪ੍ਰੇਰਿਤ ਕਰੋ।

ਬਾਜਾਰ ਵਿੱਚ ਜਾਂ ਘਰ ਵਿੱਚ ਰੱਖੇ ਪ੍ਰਵਾਸੀ ਨੌਕਰ ਨਾਲ ਆਪਣੀ ਮਾਂ ਬੋਲੀ ਵਿੱਚ ਗੱਲ ਕਰੋ ਤਾਂ ਜੋ ਉਹ ਤੁਹਾਡੀ ਭਾਸ਼ਾ ਸਿੱਖ ਸਕੇ ਨਾ ਕਿ ਤੁਸੀਂ ਉਸ ਦੀ ਭਾਸ਼ਾ ਅਪਣਾਓ।

ਇੱਕ ਹੋਰ ਬੇਨਤੀ ਹੈ ਕਿ ਜਦ ਵੀ ਕੋਈ ਕੰਪਨੀ ਜਾਂ ਟੈਲੀਕਾਲਰ ਤੁਹਾਡੇ ਨਾਲ ਮਾਂ ਬੋਲੀ ਦੀ ਥਾਂ ਕਿਸੇ ਹੋਰ ਭਾਸ਼ਾ ਵਿਚ ਗੱਲ ਕਰਨੀ ਚਾਹੇ ਤਾਂ ਉਸ ਵੇਲੇ ਆਪਣੀ ਮਾਂ ਬੋਲੀ ਨੂੰ ਨਾ ਭੁੱਲੋ। ਲੋੜ ਉਸ ਨੂੰ ਹੈ ਤੁਹਾਡੇ ਨਾਲ ਗੱਲ ਕਰਨ ਦੀ, ਤੁਹਾਡੀ ਲੋੜ ਨਹੀਂ। ਜੇਕਰ ਉਸ ਵਿਅਕਤੀ ਨੂੰ ਸਬੰਧਤ ਸੂਬੇ ਵਿਚ ਆਪਣਾ ਉਤਪਾਦ ਵੇਚਣ ਵੇਲੇ ਤੁਹਾਡੀ ਮਾਤ ਭਾਸ਼ਾ ਸਮਝ ਨਹੀਂ ਪੈਂਦੀ ਤਾਂ ਉਹ ਕੰਪਨੀ ਕਿਸੇ ਪੰਜਾਬੀ ਮੁੰਡੇ ਨੂੰ ਨੌਕਰੀ 'ਤੇ ਰੱਖੇ ਜੋ ਪੰਜਾਬੀ ਵਿੱਚ ਵਾਰਤਾਲਾਪ ਕਰ ਸਕੇ।

ਸੋ ਆਪਾਂ ਸਾਰੇ ਰਲ ਕੇ ਮਾਂ ਬੋਲੀ ਦੀ ਪ੍ਰਫੁੱਲਤਾ ਲਈ ਚਾਰਾਜੋਈ ਕਰੀਏ।

ਅੰਗਰੇਜ਼ ਦੀ ਔਲਾਦ

ਮੱਖਣ ਬੇਗਾ

ਈਸਟ ਇੰਡੀਆ ਕੰਪਨੀ ਦੇ ਅੰਗਰੇਜ਼ ਅਧਿਕਾਰੀਆਂ ਬਾਰੇ ਬਹੁਤ ਸਾਰੇ ਦਿਲਚਸਪ ਕਿਸੇ ਪੜ੍ਹਨ ਨੂੰ ਮਿਲਦੇ ਹਨ। ਇਹਨਾਂ ਚੋ ਕਈ ਅਪਣੇ ਸਿਦਕ, ਇਮਾਨ ਦੇ ਪੱਕੇ ਸਨ, ਪਰ ਬਹੁਤੇ ਪੈਸੇ ਦੀ ਚਕਾਚੌਂਧ ਚ ਇੰਨੇ ਕ ਅੰਨ੍ਹੇ ਹੋ ਗਏ ਸਨ ਕਿ ਉਹ ਗਰੀਬਾ ਦਾ ਪਸ਼ੂਆਂ ਦੀ ਤਰ੍ਹਾਂ ਸ਼ੋਸ਼ਣ ਕਰਦੇ। ਕੀ ਤੁਸੀਂ ਜਾਣਦੇ ਹੋ, ਕਿ ਭਾਰਤ ਵਿੱਚ ਸਿਵਲ ਸੇਵਾਵਾਂ ਦੇ ਕੇ ਗਏ, ਬਹੁਤੇ ਅੰਗਰੇਜ਼ ਅਧਿਕਾਰੀਆਂ ਨੂੰ ਇੰਗਲੈਂਡ ਵਪਿਸ ਜਾਂਣ ਤੇ ਕੋਈ ਵੱਡੀ ਜਿੰਮੇਵਾਰੀ ਨਹੀਂ ਦਿੱਤੀ ਜਾਂਦੀ ਸੀ, ਤਰਕ ਇਹ ਸੀ ਕਿ ਉਹ ਇੱਕ ਗ਼ੁਲਾਮ ਮੁਲਕ ਤੇ ਰਾਜ ਕਰਕੇ ਆਏ ਨੇ, ਜਿਸਦੀ ਵਜ੍ਹਾ ਨਾਲ ਓਹਨਾ ਦੇ ਦ੍ਰਿਸ਼ਟੀਕੋਣ ਅਤੇ ਵਿਵਹਾਰ ਕਰਨ ਦੇ ਢੰਗ ਵਿੱਚ ਨਕਾਰਾਤਮਕ ਪਰਿਵਰਤਨ ਆ ਗਿਆ, ਅਤੇ ਜੇ ਓਹਨਾਂ ਨੂੰ ਕੋਈ ਵੱਡੀ ਜਿੰਮੇਵਾਰੀ ਮਿ਼ਲੀ ਤਾ ਉਹ ਇਥੇ ਅਪਣੇ ਲੋਕਾਂ ਨਾਲ ਵੀ ਉਹੀ ਵਿਵਹਾਰ ਕਰਨਗੇ।

ਆਹ ਕਿੱਸਾ ਪੜ੍ਹਕੇ ਸ਼ਾਇਦ ਤਹਾਨੂੰ ਇਹ ਗੱਲ ਜਿਆਦਾ ਚੰਗੀ ਤਰ੍ਹਾ ਸਮਝ ਆਵੇਗੀ।

ਇੱਕ ਅੰਗਰੇਜ਼ ਔਰਤ ਦਾ ਪਤੀ ਓਹਨਾਂ ਵੇਲਿਆ ਚ ਭਾਰਤ ਅਤੇ ਪਾਕਿਸਤਾਨ ਦੇ ਕੁੱਝ ਜਿਲ੍ਹਿਆਂ ਚ ਡਿਪਟੀ ਕਮਿਸ਼ਨਰ ਰਿਹਾਂ ਸੀ। ਇਸ ਔਰਤ ਨੇ ਅਪਣੀ ਜ਼ਿੰਦਗੀ ਦੀ ਕਈ ਸਾਲ ਭਾਰਤ ਦੇ ਵੱਖ ਵੱਖ ਜਿਲ੍ਹਿਆਂ ਚ ਬਿਤਾਏ। ਅਪਣੇ ਵਤਨ ਵਾਪਿਸ ਪਰਤਣ ਤੋ ਬਾਅਦ ਉਸਨੇ ਅਪਣੀਆ

ਖ਼ੂਬਸੂਰਤ ਯਾਦਾਂ ਨੂੰ ਇੱਕ ਕਿਤਾਬ ਚ ਦਰਜ਼ ਕੀਤਾ। ਇਸ ਕਿਤਾਬ ਬਾਰੇ ਮੈ ਇੱਕ ਅੱਲਗ ਪੋਸਟ ਕਰਕੇ ਜਰੂਰ ਲਿਖਾਂਗਾ।

ਇਹ ਔਰਤ ਲਿਖਦੀ ਹੈ ਕਿ ਮੇਰਾ ਪਤੀ ਕਿਸੇ ਜਿਲ੍ਹੇ ਦਾ ਡਿਪਟੀ ਕਮਿਸ਼ਨਰ ਸੀ, ਓਹਨਾਂ ਦਿਨਾਂ ਚ ਮੇਰੇ ਮੁੰਡੇ ਦੀ ਉਮਰ ਲਗਭੱਗ ਚਾਰ ਸਾਲ ਅਤੇ ਧੀ ਦੀ ਉਮਰ ਇੱਕ ਸਾਲ ਸੀ, ਉਹ ਡੀ. ਸੀ ਸਾਹਿਬ ਨੂੰ ਮਿਲਣ ਵਾਲੀ ਇੱਕ ਏਕੜ ਦੀ ਹਵੇਲੀ ਚ ਰਹਿੰਦੇ ਸਨ।

ਸੈਂਕੜੇ ਲੋਕ ਉਹਨਾਂ ਦੇ ਘਰ ਸੇਵਾ ਚ ਲੱਗੇ ਰਹਿੰਦੇ, ਹਰ ਰੋਜ਼ ਕੋਈ ਨਾ ਕੋਈ ਪਾਰਟੀ ਹੁੰਦੀ, ਵੱਡੇ ਵੱਡੇ ਜਿੰਮੀਦਾਰ ਸ਼ਿਕਾਰ ਕਰਨ ਦੀਆਂ ਪਾਰਟੀਆਂ ਚ ਓਹਨਾਂ ਨੂੰ ਸੱਦ ਕੇ ਮਾਣ ਮਹਿਸੂਸ ਕਰਦੇ, ਅਤੇ ਜਿਸਦੇ ਵੀ ਘਰ ਪਾਰਟੀ ਤੇ ਜਾਂਦੇ ਉਹ ਖ਼ੂਬ ਆਓ ਭਗਤ ਕਰਦੇ,ਸਾਡੇ ਸਾਹਮਣੇ ਓਹਨਾਂ ਦਾ ਸਭ ਕੁੱਝ ਹਾਜ਼ਿਰ ਹੁੰਦਾਂ ਸੀ।

ਕਦੇ ਕਦੇ ਮੈਂ ਸੋਚਦੀ ਸਾ ਕਿ ਸ਼ਾਇਦ ਏਹੋ ਜਾ ਮਾਣ ਸਤਿਕਾਰ,ਇੰਗਲੈਂਡ ਦੀ ਰਾਣੀ ਨੂੰ ਵੀ ਨਾ ਮਿਲਦਾ ਹੋਵੇ।

ਜਦੋ ਕਿਤੇ ਸਾਡੇ ਪਰਿਵਾਰ ਨੇ ਰੇਲ ਗੱਡੀ ਰਹੀ ਯਾਤਰਾ ਕਰਨੀ ਹੁੰਦੀ ਤਾਂ ਇੱਕ ਵੱਖਰਾ ਡੱਬਾ(appartment) ਸ਼ਾਹੀ ਠਾਠ ਬਾਠ ਨਾਲ ਤਿਆਰ ਕੀਤਾ ਜਾਂਦਾ। ਜਦੋ ਪਰਿਵਾਰ ਰੇਲ ਗੱਡੀ ਤੇ ਚੜ ਜਾਂਦਾ ਤਾਂ ਚਿੱਟੇ ਕਪੜਿਆਂ ਵਾਲਾ ਡਰਾਈਵਰ ਦੋਨੋ ਹੱਥ ਬੰਨ੍ਹ ਕੇ ਸਾਡੇ ਸਾਹਮਣੇ ਖੜ੍ਹਾ ਹੋ

ਜਾਂਦਾ, ਅਤੇ ਰੇਲ ਗੱਡੀ ਚਲਾਉਣ ਦੀ ਆਗਿਆ ਮੰਗਦਾ, ਸਾਡੀ ਆਗਿਆ ਮਿਲਣ ਤੋ ਬਾਅਦ ਹੀ ਗੱਡੀ ਤੁਰਦੀ।

ਏਸੇ ਤਰ੍ਹਾਂ ਇੱਕ ਵਾਰੀ ਉਹ ਕਿੱਧਰੇ ਜਾ ਰਹੇ ਸਨ, ਜਦੋਂ ਰੇਲ ਗੱਡੀ ਚ ਬੈਠ ਗਏ ਤਾਂ, ਡਰਾਈਵਰ ਆਇਆ ਅਤੇ ਸਾਡੀ ਇਜਾਜਤ ਮੰਗੀ, ਇਸਤੋਂ ਪਹਿਲਾਂ ਕਿ ਮੈ ਕੁੱਝ ਬੋਲ ਪਾਉਂਦੀ, ਮੇਰੇ ਬੇਟਾ ਜਿਸਦਾ ਕਿ ਮੂਡ ਕਿਸੇ ਗੱਲੋਂ ਖਰਾਬ ਸੀ, ਨੇ ਸਿਰ ਹਿਲਾ ਕੇ ਕਿਹਾ ' No'. ਡਰਾਈਵਰ ਨੇ ਹੱਸਦੇ ਹੱਸਦੇ ਸਿਰ ਹਿਲਾ ਕੇ ਕਿਹਾ, "ਜੋ ਹੁਕਮ ਛੋਟੀ ਸਰਕਾਰ।"

ਕੁੱਝ ਦੇਰ ਬਾਅਦ ਸਟੇਸ਼ਨ ਮਾਸਟਰ ਸਮੇਤ ਸਾਰਾ ਸਟਾਫ਼ ਸਾਡੇ ਡੱਬੇ ਚ ਆ ਗਿਆ, ਅਤੇ ਮੇਰੇ ਚਾਰ ਸਾਲ ਦੇ ਪੁੱਤ ਤੋ ਰੇਲ ਗੱਡੀ ਚਲਾਉਣ ਦੀ ਭੀਖ਼ ਮੰਗਣ ਲੱਗ ਪਿਆ, ਬੇਟਾ ਮੇਰਾ ਇੰਨਾ ਢੀਠ ਕੇ ਵਾਰ ਵਾਰ ਨਾਹ ਚ ਸਿਰ ਹਲਾਈ ਜਾਵੇ। ਸਾਰੀ ਗੱਡੀ ਦੇ ਯਾਤਰੀਆਂ ਨੂੰ ਹੁੰਦੀ ਪ੍ਰੇਸ਼ਾਨੀ ਦੇਖਕੇ ਮੈਨੂੰ ਸ਼ਰਮ ਆਵੇ, ਆਖ਼ਰਕਾਰ ਮੈ ਕੋਈ ਚਾਕਲੇਟ ਦੇਣ ਦਾ ਬਹਾਨਾ ਬਣਾ ਕਿ ਉਸਤੋ ਹਾ ਕਰਵਾਈ।

ਕੁੱਝ ਮਹੀਨੇ ਬਾਅਦ ਉਹ ਔਰਤ ਅਪਣੇ ਦੋਸਤਾਂ ਰਿਸ਼ਤਦਾਰਾਂ ਨੂੰ ਮਿਲਣ ਇੰਗਲੈਂਡ ਗਈ, ਉਹ ਜਹਾਜ ਰਾਹੀ ਲੰਡਨ ਪਹੁੰਚੇ। ਓਹਨਾ ਦੀ ਰਿਹਾਇਸ਼ ਧੇਲਜ਼ ਦੀ ਕਾਉਂਟੀ ਵਿੱਚ ਸੀ, ਜਿਸ ਲਈ ਓਹਨਾਂ ਨੂੰ ਰੇਲ ਗੱਡੀ ਰਹੀ ਜਾਣਾ ਪੈਣਾ ਸੀ। ਇਹ ਔਰਤਾਂ ਅਪਣੇ ਦੋਨਾਂ ਜੁਆਕਾਂ ਨੂੰ ਬੈਂਚ ਤੇ ਬਿਠਾ ਕੇ ਆਪ ਟਿਕਟ ਲੈਣ ਚਲੀ ਗਈ, ਟਿਕਟ ਕਾਉਂਟਰ ਤੇ ਲੰਬੀ ਕਤਾਰ ਹੋਣ ਕਰਨ ਕਾਫ਼ੀ ਲੇਟ ਹੋ ਗਈ, ਇਸ ਕਾਰਨ ਇਸ ਦਾ ਉਹੀ ਪੁੱਤਰ

ਕਾਫ਼ੀ ਖਿੱਝ ਗਿਆ। ਜਦੋਂ ਗੱਡੀ ਚ ਚੜੇ ਤਾਂ ਆਲੀਸ਼ਾਨ ਓਪਪਓਰਮਣਨਟ ਦੀ ਜਗ੍ਹਾ, ਸਧਾਰਨ ਫਸਟ ਕਲਾਸ ਦੀਆਂ ਸੀਟਾਂ ਦੇਖਕੇ ਓਸਨੂੰ ਹੋਰ ਗੁੱਸਾ ਚੜ ਗਿਆ।

ਗੱਡੀ ਅਪਣੇ ਸਮੇ ਮੁਤਾਬਕ ਜਿਉਂ ਚੱਲੀ ਤਾਂ ਉਸਦਾ ਪੁੱਤਰ ਰੌਲਾ ਪਾਉਣ ਲੱਗ ਪਿਆ, ਕਹਿੰਦਾ ਇਹ ਕਿਹੋ ਜਾ ਉੱਲੂ ਦਾ ਪੱਠਾ ਡਰਾਈਵਰ ਆ, ਇਹਦੀ ਹਿੰਮਤ ਕਿਵੇਂ ਹੋਈ ਸਾਡੀ ਮਨਜੂਰੀ ਤੋਂ ਬਿਨਾ ਗੱਡੀ ਚਲਾਉਣ ਦੀ, ਮੈ ਅਪਣੇ ਪਿਓ ਨੂੰ ਕਹਿਕੇ ਇਹਦੇ ਜੁੱਤੀਆਂ ਲਵਾਉਗਾਂ।

ਔਰਤ ਨੂੰ ਅਪਣੇ ਪੁੱਤਰ ਨੂੰ ਇਹ ਸਮਝਾਉਣਾ ਮੁਸ਼ਕਿਲ ਹੋ ਰਿਹਾ ਸੀ, ਕਿ ਇਹ ਉਹਦੇ ਪਿਉ ਦਾ ਜਿਲ੍ਹਾਂ ਨਹੀ, ਜਿੱਥੇ ਉਸਦੀ ਮਰਜ਼ੀ ਬਿਨਾ ਪੱਤਾ ਵੀ ਨਹੀਂ ਹਿੱਲਦਾ ਸੀ, ਇਹ ਇੰਗਲੈਂਡ ਸੀ, ਜਿੱਥੇ ਧਛ ਵਰਗਾ ਤੀਜੇ ਦਰਜੇ ਦਾ ਅਫਸਰ ਤਾਂ ਕੀ, ਇਥੋਂ ਦਾ ਪ੍ਰਧਾਨ ਮੰਤਰੀ ਜਾ ਮਹਾਰਾਣੀ ਵੀ, ਅਪਣੇ ਹੰਕਾਰ ਨੂੰ ਪੱਠੇ ਪਾਉਣ ਲਈ ਕਿਸੇ ਨੂੰ ਬੇਇੱਜਤ ਨਹੀਂ ਕਰ ਸਕਦੇ।"

ਅੱਜ ਅੰਗਰੇਜ਼ਾ ਨੂੰ ਦੇਸ਼ ਚੋ ਬਾਹਰ ਕੱਢੇ ਭਾਵੇ ਸੱਤਰ- ਪਝੰਤਰ ਸਾਲ ਹੋ ਗਏ ਹਨ, ਪਰ ਉਹਨਾਂ ਦੁਆਰਾ ਦਿੱਤੀ ਗੁਲਾਮੀ ਅਸੀਂ ਅੱਜ ਵੀ ਅਪਣੇ ਜ਼ਿਹਨ ਚੋ ਬਾਹਰ ਨਹੀਂ ਕੱਢ ਸਕੇ ਆ।

ਅੱਜ ਵੀ ਸਾਡੇ ਮੰਤਰੀ- ਸੰਤਰੀ, ਧਛ, ਸ਼ਸ਼ਫ, ਸ਼ਫ, ਦੋ ਦੋ ਟਕੇ ਦੇ ਲੀਡਰ ਅਤੇ ਉਹਨਾਂ ਦੇ ਸਲਾਹਕਾਰ ਅਪਣੇ ਹੰਕਾਰ ਨੂੰ ਸੰਤੁਸਟ ਕਰਨ ਲਈ ਆਮ, ਗਰੀਬ ਲੋਕਾ ਨੂੰ ਸਾਰਾ ਸਾਰਾ ਦਿਨ ਸੜਕਾਂ, ਜਾ ਅਪਣੇ ਦਫ਼ਤਰਾਂ

ਦੇ ਬਾਹਰ ਖੜ੍ਹੇ ਰੱਖਦੇ ਹਨ, ਸਾਡੀ ਅਫ਼ਸਰਸਾਹੀ ਕਾਨੂੰਨਾਂ ਨਾਲੋ ਜਿਆਦਾ ਰਾਜਨੀਤਕ ਲੋਕਾਂ ਦੇ ਇਸ਼ਾਰਿਆਂ ਤੇ ਕੰਮ ਕਰਦੀ ਹੈ। ਕਹਿਣ ਨੂੰ ਜਿੰਨੀਆਂ ਮਰਜ਼ੀ ਕਿਤਾਬੀ ਗੱਲਾ ਕਰੀ ਜਾਉ

ਪਰ ਸੱਚ ਇਹ ਹੈ ਕਿ ੧੫ ਅਗਸਤ ਨੂੰ ਮਿਲੀ ਫੋਕੀ ਅਜਾਂਦੀ ਦਾ ਨਾਹਰਾ, ਇੱਕ ਆਮ ਭਾਰਤੀ ਇਨਸਾਨ ਲਈ ਮਹਿਜ ਇੱਕ ਧੋਖੇ ਤੋ ਸਿਵਾ ਕੁੱਝ ਨਹੀਂ।

ਧੰਨਵਾਦ ਸਹਿਤ,
ਮੱਖਣ ਬੇਗਾ
ਮੂਲ ਸ੍ਰੋਤ- ਇੰਟਰਨੈਟ
J E Karanibr iSngh Kang

ਭਰੋਸੇ ਦੀ ਕਰਾਮਾਤ

ਗੁਰਦੀਸ਼ ਕੌਰ ਗਰੇਵਾਲ

ਗੱਲ ਕੋਈ ੨੦੦੬ ਦੀ ਹੈ। ਮੈਂ ਅਜੇ ਨਵਾਂ ਨਵਾਂ ਪੰਜਾਬੀ ਭਵਨ ਲੁਧਿਆਣਾ ਜਾਣਾ ਸ਼ੁਰੂ ਕੀਤਾ ਸੀ। ਉਹਨਾਂ ਦਿਨਾਂ ਵਿੱਚ ਮੈਂ ਆਪਣਾ ਇਕੱਲਾਪਨ ਦੂਰ ਕਰਨ ਲਈ, ਹਰ ਹਫਤੇ ਹੀ, ਹਰ ਕਿਸੇ ਸਭਾ ਦੀ ਮੀਟਿੰਗ ਵਿੱਚ ਹਾਜ਼ਰੀ ਭਰਨ ਲੱਗੀ- ਕਿਉਂਕਿ ਕਵਿਤਾ ਤਾਂ ਮੈਂ ਕਾਫੀ ਸਾਲਾਂ ਤੋਂ ਲਿਖ ਹੀ ਰਹੀ ਸਾਂ। ਇੱਕ ਦਿਨ, ਮੀਟਿੰਗ ਖਤਮ ਹੋਣ ਤੋਂ ਬਾਅਦ- ਉਸ ਸਭਾ ਦੇ ਪ੍ਰਧਾਨ ਸਾਹਿਬ, ਇੱਕ ਬਜ਼ੁਰਗ ਸ਼ਾਇਰ ਜੋ ਗਜ਼ਲ ਬਹੁਤ ਵਧੀਆ ਲਿਖਦੇ ਸਨ, ਤੇ ਦੋ ਕੁ ਹੋਰ ਅਜੇ ਬੈਠੇ ਗੱਲਾਂ ਕਰ ਰਹੇ ਸਨ- ਤੇ ਮੈਂਨੂੰ ਵੀ ਘਰ ਆਉਣ ਦੀ ਕੋਈ ਕਾਹਲੀ ਨਹੀਂ ਸੀ।

"ਕੋਈ ਆਪਣੇ ਜੀਵਨ ਦੇ ਤਜਰਬੇ ਦੀ ਗੱਲ ਸੁਣਾਓ" ਸਭਾ ਦੇ ਪ੍ਰਧਾਨ ਸਾਹਿਬ ਨੇ ਬਜ਼ੁਰਗ ਗਜ਼ਲਗੋ ਨੂੰ ਕਿਹਾ।

"ਲਓ ਅੱਜ ਮੈਂ ਤੁਹਾਨੂੰ ਆਪਣੇ ਪਿੰਡ ਦੀ ਇੱਕ ਸੱਚੀ ਘਟਨਾ ਸੁਣਾਉਂਦਾ ਹਾਂ- ਜੋ ਮੈਂ ਆਪਣੀ ਮਾਂ ਕੋਲੋਂ ਸੁਣੀ ਹੋਈ ਹੈ" ਉਸ ਬਜ਼ੁਰਗ ਸ਼ਾਇਰ ਨੇ ਜਵਾਬ ਦਿੱਤਾ।

ਸਾਡੇ ਪਿੰਡ ਵਿੱਚ ਇੱਕ ਕਰਤਾਰੀ ਨਾਮ ਦੀ ਔਰਤ ਰਹਿੰਦੀ ਸੀ। ਅਠਾਰਾਂ ਕੁ ਸਾਲ ਦੀ ਉਮਰ ਵਿੱਚ ਉਸ ਦੀ ਸ਼ਾਦੀ ਹੋ ਗਈ- ਪਰ ਦਸ ਸਾਲ ਉਸ ਨੂੰ ਔਲਾਦ ਦਾ ਮੂੰਹ ਦੇਖਣਾ ਨਸੀਬ ਨਾ ਹੋਇਆ। ਉਹ ਹਿੰਦੂ ਧਰਮ ਨੂੰ ਮੰਨਣ ਵਾਲੀ ਸੀ। ਉਸ ਨੇ ਬੜੀਆਂ ਮੰਨਤਾਂ ਮੰਨੀਆਂ, ਸੁਖਣਾਂ ਸੁਖੀਆਂ, ਧਾਗੇ ਤਵੀਤ ਲਏ, ਥਾਂ ਥਾਂ ਨੱਕ ਰਗੜੇ, ਮੰਦਰਾਂ ਦੇ ਬੜੇ ਟੱਲ ਖੜਕਾਏ- ਪਰ ਕਿਤੋਂ ਵੀ ਉਸ ਦੀ ਝੋਲੀ ਖੈਰ ਨਾ ਪਈ। ਉਸ ਦੇ ਗੁਆਂਢ ਇੱਕ

Sri Satguru Jagjit Singh Ji eLibrary NamdhariElibrary@gmail.com

ਰਾਮਗੜ੍ਹੀਆ ਪਰਿਵਾਰ ਰਹਿੰਦਾ ਸੀ– ਜੋ ਗੁਰੂ ਘਰ ਦਾ ਪ੍ਰੇਮੀ ਸੀ। ਇੱਕ ਦਿਨ ਕਰਤਾਰੀ, ਆਪਣੀ ਉਦਾਸੀ ਉਸ ਗੁਆਂਢਣ ਬੀਬੀ ਕੋਲ ਫਰੋਲਣ ਲੱਗੀ।

"ਕਰਤਾਰੀਏ ਤੂੰ ਗੁਰਦੁਆਰੇ ਜਾਇਆ ਕਰ ਮੇਰੇ ਨਾਲ!" ਉਸ ਸਰਦਾਰਨੀ ਨੇ ਕਿਹਾ।

ਪਰ ਕਰਤਾਰੀ ਅਨਪੜ੍ਹ ਸੀ ਤੇ ਸਿੱਖ ਧਰਮ ਨਾਲ ਸਬੰਧਤ ਵੀ ਨਹੀਂ ਸੀ।

"ਮੈਂ ਉਥੇ ਜਾ ਕੇ ਕੀ ਕਰਾਂਗੀ– ਮੈਨੂੰ ਤਾਂ ਤੁਹਾਡੀ ਬਾਣੀ ਵੀ ਸਮਝ ਨਹੀਂ ਆਉਂਦੀ?" ਉਹ ਕਹਿਣ ਲੱਗੀ।

"ਕੋਈ ਨਾ ਕਰਤਾਰੀਏ– ਤੂੰ ਸੇਵਾ ਕਰ ਲਿਆ ਕਰੀਂ– ਤੇਰਾ ਮਨ ਖੜ੍ਹ ਜਾਏਗਾ!" ਬੀਬੀ ਜੀ ਨੇ ਸਲਾਹ ਦਿੱਤੀ।

ਸੋ ਉਸ ਦਿਨ ਤੋਂ ਕਰਤਾਰੀ ਗੁਰੂ ਘਰ ਜਾ ਕੇ ਸੇਵਾ ਕਰਨ ਲੱਗੀ। ਉਹ ਤੜਕੇ ਉਠ ਕੇ, ਗੁਰਦੁਆਰੇ ਜਾ ਕੇ ਝਾੜੂ ਲਾਉਂਦੀ, ਲੰਗਰ 'ਚ ਮਦਦ ਕਰਾਉਂਦੀ ਤੇ ਫਿਰ ਬਰਤਨਾਂ ਦੀ ਸੇਵਾ ਕਰਦੀ। ਗੱਲ ਕੀ– ਉਸ ਨੂੰ ਸੇਵਾ ਕਰਦਿਆਂ ਮਨ ਨੂੰ ਇੰਨੀ ਤਸੱਲੀ ਹੋਣ ਲੱਗੀ ਕਿ– ਉਸ ਨੂੰ ਆਪਣਾ ਦੁੱਖ ਭੁੱਲ ਹੀ ਗਿਆ– ਤੇ ਉਸ ਨੂੰ ਸੇਵਾ ਕਰਨ ਦਾ ਹੀ ਹਰ ਵੇਲੇ ਚਾਅ ਚੜ੍ਹਿਆ ਰਹਿੰਦਾ।

ਇੱਕ ਦਿਨ ਸੇਵਾ ਤੋਂ ਵਿਹਲੀ ਹੋ, ਹੱਥ ਮੂੰਹ ਧੋ ਕੇ, ਜਦ ਉਹ ਦਰਬਾਰ ਹਾਲ ਵਿੱਚ ਮੱਥਾ ਟੇਕਣ ਲੱਗੀ ਤਾਂ ਭਾਈ ਸਾਹਿਬ ਅਰਦਾਸ ਕਰ ਚੁੱਕੇ ਸਨ ਤੇ ਹੁਕਮਨਾਮਾ ਲੈ ਰਹੇ ਸਨ। ਮੱਥਾ ਟੇਕਦਿਆਂ ਉਸ ਦੇ ਕੰਨਾਂ ਵਿੱਚ ਬਾਣੀ ਦੀ ਇੱਕ ਤੁਕ ਪਈ–

ਦਰਸਨ ਪਰਸਨ ਸਰਸਨ ਹਰਸਨ ਰੰਗ ਰੰਗੀ ਕਰਤਾਰੀ ਰੇ॥.. (ਅੰਗ ੪੦੪)

ਜਿਉਂ ਹੀ ਹੁਕਮਨਾਮਾ ਸਮਾਪਤ ਹੋਇਆ– ਉਹ ਸੰਗਤ ਵਿੱਚ ਖੜੀ ਹੋ ਕੇ ਕਹਿਣ ਲੱਗੀ–

"ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ! ਤੁਸੀਂ ਤਾ ਅੱਜ ਕਰਤਾਰੀ ਨੂੰ ਚਾਰ ਪੁੱਤਰਾਂ ਦਾ ਵਰ ਦੇ ਦਿੱਤਾ!"

ਭਾਈ ਸਾਹਿਬ ਹੈਰਾਨ ਹੋ ਕੇ ਕਹਿਣ ਲੱਗੇ–"ਕਰਤਾਰੀ, ਕੀ ਹੋ ਗਿਆ ਤੈਂਨੂੰ?"

ਕਰਤਾਰੀ ਕਹੇ–"ਤੁਸੀਂ ਆਪ ਹੀ ਤਾਂ ਗੁਰੂ ਸਾਹਿਬ ਦਾ ਹੁਕਮ ਪੜ੍ਹਿਆ ਕਿ–"ਕਰਤਾਰੀ ਦੇ ਘਰ ਰੰਗ ਲੱਗਣਾ– ਤੇ ਸੰਗਤ ਵਿੱਚ ਮੇਰੇ ਤੋਂ ਬਿਨਾ ਹੋਰ ਕੋਈ ਕਰਤਾਰੀ ਤਾਂ ਹੈ ਨਹੀਂ– ਨਾਲੇ ਗੁਰੂ ਸਾਹਿਬ ਨੇ ਤਾਂ ਮੇਰੇ ਪੁੱਤਰਾਂ ਦੇ ਨਾਮ ਵੀ ਆਪੇ ਰੱਖ ਦਿੱਤੇ!"

ਸਾਰੀ ਸੰਗਤ ਉਸ ਨੂੰ ਸਮਝਾਵੇ ਕਿ–"ਕਰਤਾਰੀਏ ਤੈਨੂੰ ਬਾਣੀ ਦੀ ਸਮਝ ਨਹੀਂ..ਇਹ ਤਾਂ 'ਕਰਤਾਰ ਦੇ ਰੰਗ' ਦੀ ਗੱਲ ਹੈ..ਤੇਰੀ ਨਹੀਂ!" ਪਰ ਕਰਤਾਰੀ ਨਾ ਮੰਨੀ।

ਹੁਣ ਉਹ ਅੱਗੇ ਤੋਂ ਵੀ ਵੱਧ ਚਾਅ ਨਾਲ ਸੇਵਾ ਕਰਦੀ ਹੋਈ, ਹਰ ਵੇਲੇ ਇਹ ਤੁਕ ਦੁਹਰਾਈ ਜਾਂਦੀ–

"ਦਰਸਨ ਪਰਸਨ ਸਰਸਨ ਹਰਸਨ ਰੰਗ ਰੰਗੀ ਕਰਤਾਰੀ ਰੇ॥"

ਸੁਣਨ ਵਾਲੇ ਲੋਕ ਵੀ ਉਸ ਨੂੰ ਝੱਲੀ ਕਹਿਣ ਲੱਗ ਪਏ– ਪਰ ਉਸ ਨੂੰ ਪੱਕਾ ਵਿਸ਼ਵਾਸ ਸੀ ਕਿ– ਇਹ ਹੁਕਮ ਉਸ ਲਈ ਹੀ ਹੋਇਆ ਹੈ।

ਰੱਬ ਦੀ ਕਰਨੀ ਐਸੀ ਹੋਈ ਕਿ– ਆਉਂਦੇ ਸਾਲ ਹੀ ਉਸ ਦੇ ਘਰ ਇੱਕ ਪੁੱਤਰ ਦਾ ਜਨਮ ਹੋਇਆ– ਜਿਸ ਦਾ ਨਾਮ ਉਸ ਨੇ– 'ਦਰਸ਼ਨ

Sri Satguru Jagjit Singh Ji eLibrary NamdhariElibrary@gmail.com

ਸਿੰਘ' ਰੱਖਿਆ। ਸਮਾਂ ਪਾ ਕੇ, ਉਸ ਦੇ ਘਰ ਸਚੁਮੱਚ ਹੀ ਤਿੰਨ ਹੋਰ ਪੁੱਤਰਾਂ ਨੇ ਜਨਮ ਲਿਆ- ਜਿਹਨਾਂ ਦੇ ਨਾਮ ਵੀ ਉਸਨੇ ਗੁਰੂ ਸਾਹਿਬ ਦੇ ਹੁਕਮ ਮੁਤਾਬਕ ਹੀ- ਪਰਸਨ ਸਿੰਘ, ਸਰਸਨ ਸਿੰਘ ਤੇ ਹਰਸਨ ਸਿੰਘ ਰੱਖੇ- ਤੇ ਆਪਣੇ ਚਾਰੇ ਪੁੱਤਰਾਂ ਨੂੰ ਸਿੰਘ ਸਜਾਇਆ।

ਇਹ ਕਹਾਣੀ ਸੁਣਾ, ਉਸ ਬਜ਼ੁਰਗ ਸ਼ਾਇਰ ਨੇ ਕਿਹਾ-"ਪਤਾ ਉਹ ਕਰਤਾਰੀ ਕੌਣ ਸੀ?"

ਅਸੀਂ ਸਾਰੇ ਹੈਰਾਨ ਹੋ ਕੇ ਉਹਨਾਂ ਦੇ ਮੂੰਹ ਵੱਲ ਤੱਕਣ ਲੱਗੇ!

ਫਿਰ ਉਹਨਾਂ ਆਪ ਹੀ ਦੱਸਿਆ- "ਉਹ ਕਰਤਾਰੀ ਮੇਰੀ ਮਾਂ ਸੀ- ਤੇ ਮੈਂ 'ਦਰਸ਼ਨ ਸਿੰਘ- ਦਰਸ਼ਨ' ਉਸ ਦਾ ਪਲੇਠਾ ਪੁੱਤਰ ਹਾਂ!"

ਉਸ ਦੀ ਵਾਰਤਾ ਸੁਣ ਕੇ, ਪ੍ਰਧਾਨ ਸਾਹਿਬ ਕਹਿਣ ਲੱਗੇ- "ਮੈਂ ਤਾਂ ਪਹਿਲਾਂ ਹੀ ਤੁਹਾਨੂੰ ਕਹਿੰਦਾ ਹੁੰਦਾ ਸੀ ਕਿ- ਤੁਹਾਡਾ ਨਾਮ ਲੈਂਦਿਆਂ ਮੈਂਨੂੰ ਏਦਾਂ ਲਗਦਾ- ਜਿਵੇਂ ਗੁਰੂ ਸਾਹਿਬ ਦੇ ਦਰਸ਼ਨ ਹੋ ਗਏ ਹੋਣ!"

ਉਹਨਾਂ ਦੀ ਆਪ ਬੀਤੀ ਸੁਣ ਕੇ- ਮੇਰੀਆਂ ਅੱਖਾਂ ਅੱਗੇ, ਛੇਵੇਂ ਪਾਤਸ਼ਾਹ ਦੇ ਘੋੜੇ ਦੀ ਵਾਗ ਫੜੀ ਖੜ੍ਹੀ, ਬੀਬੀ ਸੁਲੱਖਣੀ ਦੀ ਤਸਵੀਰ ਆ ਗਈ!

ਗੁਰਦੀਸ਼ ਕੌਰ ਗਰੇਵਾਲ- ਕੈਲਗਰੀ- ਕੈਨੇਡਾ
+੯੧ ੯੮੭੨੮ ੬੦੪੯੮

Sri Satguru Jagjit Singh Ji eLibrary NamdhariElibrary@gmail.com

ਸਾਈਕਲ ਚਲਾਉਣ ਵਾਲਾ...

ਡਾ. ਸ਼ਮਸ਼ੇਰ ਮੋਹੀ

ਅਰਥਵਿਵਸਥਾ ਦੇ ਲਈ ਹਾਨੀਕਾਰਕ ਹੈ...

ਇਹ ਤੁਹਾਨੂੰ ਮਖੌਲ ਲੱਗੇਗਾ.... ਪਰ ਸੱਚ ਹੈ
ਇੱਕ ਸਾਈਕਲ ਚਲਾਉਣ ਵਾਲਾ ਬੰਦਾ ਦੇਸ਼ ਦੇ ਲਈ ਬਹੁਤ ਵੱਡਾ ਖਤਰਾ ਹੈ..

ਕਿਉਂਕਿ ਉਹ ਕਾਰ ਨਹੀਂ ਖ੍ਰੀਦਦਾ......
ਉਹ ਕਰਜਾ ਨਹੀਂ ਲੈਂਦਾ....
ਉਹ ਕਾਰ ਦਾ ਬੀਮਾ ਨਹੀਂ ਕਰਵਾਉਂਦਾ...
ਉਹ ਤੇਲ ਨਹੀਂ ਖ੍ਰੀਦਦਾ...

ਉਹ ਕਾਰ ਦੀ ਸਰਵਿਸਿੰਗ ਨਹੀਂ ਕਰਵਾਉਂਦਾ...
ਉਹ ਪੈਸੇ ਦੇਕੇ ਗੱਡੀ ਪਾਰਕ ਨਹੀਂ ਕਰਦਾ
ਉਹ ਟੋਲ ਪਲਾਜ਼ਿਆਂ ਤੋਂ ਨਹੀਂ ਲੰਘਦਾ
ਉਹ ਮੋਟਾ (ਮੋਟਾਪਾ) ਨਹੀਂ ਹੁੰਦਾ..

ਜੀ ਹਾਂ .....
ਇਹ ਸੱਚ ਹੈ ਕਿ ਇੱਕ ਤੰਦਰੁਸਤ ਆਦਮੀ ਅਰਥਵਿਵਸਥਾ ਦੇ ਲਈ ਸਹੀ ਨਹੀਂ ਹੈ

ਕਿਉਂਕਿ ਉਹ ਦਵਾਈਆਂ ਨਹੀਂ ਖ਼੍ਰੀਦਦਾ..

ਉਹ ਹਸਪਤਾਲ ਵਿੱਚ ਡਾਕਟਰ ਦੇ ਕੋਲ ਨਹੀਂ ਜਾਂਦਾ..
ਉਹ ਰਾਸ਼ਟਰ ਦੀ ਘਧਫ ਵਿੱਚ ਕੋਈ ਯੋਗਦਾਨ ਨਹੀਂ ਦਿੰਦਾ...
ਇਸ ਸਭ ਦੇ ਉਲਟ "ਇਕ ਫਾਸਟ ਫੂਡ ਦੀ ਦੁਕਾਨ" ੩੦
ਨੌਕਰੀਆਂ ਪੈਦਾ ਕਰਦੀ ਹੈ...

੧੦ ਦਿਲ ਦੇ ਰੋਗ ਡਾਕਟਰ..
੧੦ ਦੰਦਾਂ ਦੇ ਰੋਗ ਡਾਕਟਰ..
੧੦ ਵਜ਼ਨ ਘਟਾਉਣ ਵਾਲੇ ਸਪੈਸ਼ਲਿਸਟ..

ਬੁੱਧੀਬਲ ਅਤੇ ਸਮਝਦਾਰੀ ਨਾਲ ਚੋਣ ਕਰੋ..
ਇੱਕ ਸਾਈਕਲ ਜਾਂ ਸਵਾਦਿਸ਼ਟ ਫਾਸਟ ਫੂਡ ?

ਨੋਟ:- ਪੈਦਲ ਚੱਲਣਾ ਇਸ ਤੋਂ ਵੀ ਖਤਰਨਾਕ ਹੈ.. ਕਿਉਂਕਿ
ਪੈਦਲ ਚੱਲਣ ਵਾਲਾ ਆਦਮੀ ਤਾਂ ਸਾਈਕਲ ਵੀ ਨਹੀਂ ਖ਼੍ਰੀਦਦਾ...

- ਡਾ. ਸ਼ਮਸ਼ੇਰ ਮੋਹੀ

ਕਿਤਾਬਾਂ ਬਾਰੇ

ਗੁਰਲਾਲ ਕਵੀ

੧.ਕਿਤਾਬਾਂ ਕਿਸੇ ਨੂੰ ਭੁੱਖੇ ਨਹੀਂ ਮਰਨ ਦਿੰਦੀਆਂ।

੨.ਮੈਂ ਕਈ ਲੋਕਾਂ ਨੂੰ ਜਾਣਦਾ ਹਾਂ ਜਿਹਨਾਂ ਨੂੰ ਪੜ੍ਹਦਿਆਂ ਤੱਕ ਕੇ ਘਰਦੇ ਕੰਮ ਚ ਹੱਥ ਨਾ ਵਟਾਉਣ ਕਰਕੇ ਆਖਿਆ ਗਿਆ ਸੀ," ਭੁੱਖੇ ਮਰੋਗੇ,ਕਿਤਾਬਾਂ ਨੂੰ ਚੱਟ ਲਿਉ ਇੱਕ ਦਿਨ" .ਕਿਤਾਬਾਂ ਨੇ ਉਹਨਾਂ ਨੂੰ ਉਹ ਰੁਤਬੇ ਬਖਸ਼ੇ ਹਨ ਆਖਣ ਵਾਲਿਆਂ ਦੇ ਮੂੰਹ ਸਿਉਂਤੇ ਗਏ।

੩.ਜਿਹੜੇ ਲੋਕ ਬੁਰੇ ਵਕਤ ਵਿੱਚ ਕਿਤਾਬਾਂ ਦਾ ਸਾਥ ਨਹੀਂ ਛੱਡਦੇ ਕਿਤਾਬਾਂ ਵੀ ਉਹਨਾਂ ਦਾ ਸਾਥ ਨਹੀਂ ਛੱਡਦੀਆਂ।

੪.ਮੈਂ ਅੱਜ ਤਾਂਈ ਕਿਤਾਬਾਂ ਨੂੰ ਖ਼ਰੀਦ ਕੇ ਕੋਈ ਕਰਜ਼ਈ ਹੁੰਦਾ ਨਹੀਂ ਦੇਖਿਆ, ਕਿਤਾਬਾਂ ਦੇ ਸਿਰ ਤੇ ਕਰਜ਼ਾ ਲਾਹੁੰਦੇ ਹੋਏ ਜਰੂਰ ਦੇਖੇ ਹਨ।

੫.ਜੇਕਰ ਤੁਸੀਂ ਕਿਤਾਬਾਂ ਨੂੰ ਖਰੀਦ ਕੇ ਪੜ੍ਹਨਾ ਫਜ਼ੂਲ ਖਰਚੀ ਮੰਨਦੇ ਹੋ ਤੇ ਤੁਹਾਡੀ ਖਰੀਦ ਲਿਸਟ ਵਿੱਚ ਸਭ ਤੋਂ ਅਖ਼ੀਰ ਵਿੱਚ ਕਿਤਾਬ ਹੁੰਦੀ ਹੈ ਤਾਂ ਤੁਸੀਂ ਉਸ ਸਾਜਿਸ਼ ਦਾ ਸ਼ਿਕਾਰ ਹੋ ਚੁੱਕੇ ਹੋ ਜੋ ਤੁਹਾਨੂੰ ਗਿਆਨ ਤੋਂ ਪਰ੍ਹੇ ਰੱਖਣਾ ਚਾਹੁੰਦੇ ਹਨ।

੬.ਜਿਹੜੀ ਕਿਤਾਬ ਨੂੰ ਪੜ੍ਹਨ ਤੋਂ ਤੁਹਾਨੂੰ ਵਰਜਿਆ ਜਾਏ ਸਮਝੋ ਉਹ ਐਸੀ ਕਿਤਾਬ ਹੈ ਜੋ ਵਰਜਣ ਵਾਲੇ ਦੇ ਕੱਚੇ ਪਿੱਲੇ ਵਿਚਾਰਾਂ ਨੂੰ ਮਿੱਟੀ ਕਰ ਦੇਵੇਗੀ।

੭.ਜਿਹੜੇ ਸਿਰਫ਼ ਵਿਉਂਤ ਕਰਦੇ ਹਨ ਕਿ ਮੈਂ ਫਲਾਣੀ ਕਿਤਾਬ ਪੜ੍ਹਨੀ ਹੈ ਉਹ ਸਿਰਫ ਵਿਉਂਤ ਕਰਦੇ ਹੀ ਰਹਿ ਜਾਂਦੇ ਹਨ।

੮.ਕੁਝ ਕਿਤਾਬਾਂ ਅਸਲ ਚ ਲੁਕ ਲੁਕ ਕੇ ਪੜ੍ਹੀਆਂ ਜਾਂਦੀਆਂ ਹਨ, ਕੁਝ ਨੂੰ ਪੜ੍ਹਨ ਦਾ ਦਿਖਾਵਾ ਕੀਤਾ ਜਾਂਦਾ ਹੈ।

੯.ਇੰਟਰਨੈੱਟ ਤੇ ਪੀਡੀਐੱਫ ਮੰਗਣ ਵਾਲੇ ਹਰ ਪੰਦਰਾਂ ਦਿਨ ਮਗਰੋਂ ਫਿਰ ਉਸੇ ਕਿਤਾਬ ਨੂੰ ਮੰਗਣਗੇ, ਕਿਉਕਿ ਉਹਨਾਂ ਨੇ ਸਿਰਫ ਕਿਤਾਬ ਮੰਗਣੀ ਹੁੰਦੀ ਹੈ ਪੜ੍ਹਨੀ ਨਹੀਂ।

੧੦.ਕਿਤਾਬਾਂ ਟੀਵੀ ਨਾਲੋਂ ਵੀ ਵਧੀਆ ਮਾਧਿਅਮ ਹਨ ਜੋ ਤੁਹਾਡੇ ਦਿਮਾਗ ਵਿੱਚ ਇੱਕ ਦੁਨੀਆਂ ਸਿਰਜ ਦਿੰਦੀਆਂ ਹਨ ਜਿਸ ਦੇ ਡਾਇਰੈਕਟਰ ਤੁਸੀਂ ਆਪ ਹੁੰਦੇ ਹੋ।

੧੧.ਕਿਤਾਬ ਵਿਚੋਂ ਤੁਸੀਂ ਹਰ ਰਿਸ਼ਤਾ ਮਹਿਸੂਸ ਕਰ ਸਕਦੇ ਜੋ ਅਸਲ ਜਿੰਦਗ਼ੀ ਚ ਨਹੀਂ ਮਿਲਿਆ ਹਰ ਸੁੱਖ ਨੂੰ ਕਲਪਨਾ ਵਿੱਚੋ ਪਾ ਸਕਦੇ ਹੋ ਜੋ ਅਸਲ ਵਿੱਚ ਨਹੀਂ ਪਾ ਸਕੇ।

੧੨. ਕਿਸੇ ਕਿਤਾਬ ਦਾ ਵਿਰੋਧ ਕਰਨ ਵਾਲੇ ਨੇ ਅਸਲ ਚ ਉਹ ਕਿਤਾਬ ਕਦੇ ਪੜ੍ਹੀ ਨਹੀਂ ਹੁੰਦੀ।

੧੩. ਜਿੰਨੇ ਅਲੱਗ ਅਲੱਗ ਵਿਸ਼ਿਆਂ ਤੇ ਅਲੱਗ ਲੇਖਕਾਂ ਦੀਆਂ ਦੇਸ਼ਾਂ ਦੀਆਂ ਭਾਸ਼ਾਵਾਂ ਦੀਆਂ ਪੜ੍ਹੋਗੇ ਦਿਮਾਗ ਵਿੱਚੋ ਕੱਚੀ ਸੋਚ ਸਮਾਪਤ ਹੁੰਦੀ ਜਾਏਗੀ।

੧੪.ਕਿਤਾਬਾਂ ਵਿੱਚੋ ਅਸੀਂ ਦੋ ਹੀ ਚੀਜ਼ਾਂ ਲੱਭਦੇ ਹਾਂ ਜੋ ਸਾਨੂੰ ਬਹੁਤ ਮਿਲਿਆ ਹੋਏ ਜਾਂ ਜੋ ਸਾਨੂੰ ਬਿਲਕੁੱਲ ਨਾ ਮਿਲਿਆ ਹੋਏ।

੧੫. ਕੋਈ ਕਿਤਾਬ ਸਿਰਫ ਇਸ ਲਈ ਨਾ ਪੜ੍ਹੋ ਕਿ ਕਿਸੇ ਸੋਚ ਜਾਂ ਵਿਚਾਰਧਾਰਾ ਵਿੱਚ ਪੱਕਾ ਹੋਣਾ ਚਾਹੁੰਦੇ ਹੋ। ਇਸ ਲਈ ਪੜ੍ਹੋ ਕਿ ਉਹ ਤੁਹਾਡੀ ਸੋਚ ਤੋਂ ਵੱਖ ਕਿਉਂ ਹੈ ਤੇ ਉਹਦੇ ਕੀ ਕਾਰਨ ਹੋ ਸਕਦੇ ਹਨ।

Sri Satguru Jagjit Singh Ji eLibrary NamdhariElibrary@gmail.com

ਨਾਨਕ ਸਿੰਘ

Dr. Lakhivr iSngh Namdhari

ਇੱਕ ਵਾਰ ਨਾਵਲਕਾਰ ਨਾਨਕ ਸਿੰਘ ਕਿਤੇ ਬੋਲ ਰਿਹਾ ਸੀ..ਇਕ ਔਰਤ ਨੇ ਨਾਨਕ ਸਿੰਘ ਨੂੰ ਸਵਾਲ ਕੀਤਾ "ਨਾਨਕ ਸਿੰਘ ਤੂੰ ਇੰਨੇ ਸਮਾਜਿਕ ਨਾਵਲ ਲਿਖੇ,ਇਨ੍ਹਾਂ ਕਾਗਜ਼ ਖ਼ਰਾਬ ਕਰ ਦਿੱਤਾ, ਸਾਰੀ ਜ਼ਿੰਦਗੀ ਲਾ ਦਿੱਤੀ ਸਮਾਜ ਸੁਧਾਰਕ ਨਾਵਲ ਲਿਖਣ ਤੇ.. ਪਰ ਕੀ ਤੇਰੇ ਕਹਿਣ ਨਾਲ ਸਮਾਜ ਸੁਧਰ ਗਿਆ" ??

ਨਾਨਕ ਸਿੰਘ ਜੀ ਨੇ ਬੜੀ ਸਹਿਜਤਾ ਨਾਲ ਪੁੱਛਿਆ "ਬੀਬਾ ਤੁਹਾਡੇ ਘਰ ਦੀ ਸਫ਼ਾਈ ਕੌਣ ਕਰਦਾ ਹੈ"??

"ਜੀ ਮੈਂ ਕਰਦੀ ਹਾਂ"

"ਕਿੰਨੇ ਸਾਲ ਤੋਂ" ?

"ਵੀਹ ਸਾਲ ਤੋਂ"

ਉਸ ਤੋਂ ਪਹਿਲਾਂ ਕੌਣ ਕਰਦਾ ਸੀ ?

"ਜੀ ਮੇਰੀ ਸੱਸ ਕਰਦੀ ਸੀ"

ਤੇਰੀ ਸੱਸ ਤੋਂ ਪਹਿਲਾਂ ਕੌਣ ਕਰਦਾ ਸੀ..?

"ਜੀ ਮੇਰੀ ਸੱਸ ਦੀ ਸੱਸ ਕਰਦੀ ਹੋਣੀ ਏ"

"ਤਾਂ ਫਿਰ ਤੂੰ ਹੀ ਦੱਸ ਤੇਰੇ ਘਰ ਦੀ ਸਫ਼ਾਈ ਹੁੰਦੀ ਨੂੰ ਕਿੰਨਾ ਚਿਰ ਹੋ ਗਿਆ ?

"ਸੱਤਰ ਕੁ ਸਾਲ ਤਾਂ ਹੋ ਈ ਗਏ ਹੋਣਗੇ"

"ਤਾਂ ਦੱਸ ਕੀ ਤੇਰੇ ਘਰੇ ਕੂੜਾ ਆਉਣੋਂ ਹਟ ਗਿਆ" ??

ਔਰਤ ਬੋਲੀ "ਇਹ ਕਿਵੇਂ ਹੋ ਸਕਦੈ, ਕੂੜਾ ਤਾਂ ਰੋਜ ਈ ਹੁੰਦੈ,ਨਿੱਤ ਸਾਫ ਕਰਨਾ ਹੀ ਪੈਂਦਾ ਹੈ"

"ਤਾਂ ਬੀਬਾ ਇਹੀ ਗੱਲ ਹੈ, ਤੇਰੇ ਘਰ ਦੀ ਸਫ਼ਾਈ ਸੱਤਰ ਸਾਲ ਤੋਂ ਹੋ ਰਹੀ ਹੈ, ਪਰ ਕੂੜਾ ਆਉਣਾ ਨ੍ਹੀਂ ਹਟਿਆ" ਬੀਬਾ ਫਿਰ ਤੁਸੀ ਸਫਾਈ ਕਰਨੀ ਬੰਦ ਕਿਉਂ ਨਹੀ ਕਰ ਦਿੰਦੇ ਕਿਉਂਕਿ ਕੂੜਾ ਤਾਂ ਹਟਣਾ ਈ ਨੀਂ..

ਬੀਬਾ ਇਹੀ ਗੱਲ ਸਮਾਜ ਤੇ ਢੁੱਕਦੀ ਹੈ,ਸਮਾਜ ਡਸਟਬਿਨ ਦੀ ਤਰ੍ਹਾਂ ਹੈ,ਇਸ ਵਿੱਚ ਨਿੱਤ ਕੂੜਾ ਆਉਂਦਾ ਰਹੇਗਾ.. ਤੁਸੀਂ ਸਾਫ ਕਰਨ ਦੀ ਡਿਊਟੀ ਨਿਭਾਉਂਦੇ ਰਹੋ, ਆਪਣੀ ਹੈਸੀਅਤ ਅਨੁਸਾਰ ਆਪਣਾ ਕੰਮ ਕਰਦੇ ਰਹੋ, ਜੇ ਤੁਸੀਂ ਰੁਕ ਗਏ ਤਾਂ ਸਮਾਜ ਇੱਕ ਦਿਨ ਉਸ ਕੂੜੇ ਦੇ ਢੇਰ ਥੱਲੇ ਦੱਬਿਆ ਜਾਵੇਗਾ । ਇਸੇ ਲਈ ਮੈਂ ਆਪਣੀ ਡਿਊਟੀ ਕਰ ਰਿਹਾ ਹਾਂ । ਮੈਂ ਕਿੰਨਾ ਸਫਲ ਹੋ ਰਿਹਾ ਹਾਂ ਜਾਂ ਅਸਫਲ,ਮੈਂ ਇਸ ਬਾਰੇ ਨਹੀਂ ਸੋਚਦਾ ।"ਬੱਸ ਜਿਨੀ ਸਫਾਈ ਕਰ ਸਕਦਾ ਹਾਂ ਕਰ ਰਿਹੈਂ ।"

ਸੋ ਮਨੁੱਖ ਹੋਣ ਦਾ ਫਰਜ਼ ਅਦਾ ਕਰਦੇ ਰਹੋ ..

ਰੁਕੋ ਨਾਂ,ਚਲਦੇ ਰਹੋ ।

ਆਪਣੀ ਹੈਸੀਅਤ ਅਨੁਸਾਰ,ਆਪਣੀ ਤਾਕਤ ਅਨੁਸਾਰ । ਰੁਕੋਗੇ ਤਾਂ ਤੁਸੀਂ ਅਨਿਆਂ ਕਰੋਗੇ,ਆਪਣੇ ਪੈਦਾ ਕਰਨ ਵਾਲੇ ਨਾਲ,ਸ੍ਰਿਸ਼ਟੀ ਦੇ ਰਚਨਹਾਰ ਨਾਲ ।

ਭਗੌੜੇ ਮੰਨੇ ਜਾਓਗੇ,ਮਨੁੱਖ ਹੋਣ ਦੀ ਜ਼ਿੰਮੇਵਾਰੀ ਤੋਂ..

Sri Satguru Jagjit Singh Ji eLibrary NamdhariElibrary@gmail.com

ਅੱਜ ਸ਼ਿਵ ਨੂੰ ਯਾਦ ਕਰਦਿਆਂ :

ਸ਼ਿਵ ਕੁਮਾਰ ਬਟਾਲਵੀ

ਜੇ ਡਾਚੀ ਸਹਿਕਦੀ ਸੱਸੀ ਨੂੰ ਪੁੰਨੂੰ ਥੀਂ ਮਿਲਾ ਦੇਂਦੀ ।
ਤਾਂ ਤੱਤੀ ਮਾਣ ਸੱਸੀ ਦਾ ਉਹ ਮਿੱਟੀ ਵਿਚ ਰਲਾ ਦੇਂਦੀ ।

ਭਲੀ ਹੋਈ ਕਿ ਸਾਰਾ ਸਾਉਣ ਹੀ ਬਰਸਾਤ ਨਾ ਹੋਈ
ਪਤਾ ਕੀ ਆਲ੍ਹਣੇ ਦੇ ਟੋਟਰੂ ਬਿਜਲੀ ਜਲਾ ਦੇਂਦੀ ।

ਮੈਂ ਅਕਸਰ ਦੇਖਿਐ ਕਿ ਤੇਲ ਹੁੰਦਿਆਂ ਸੁੰਦਿਆਂ ਦੀਵੇ
ਹਵਾ ਕਈ ਵਾਰ ਦਿਲ ਦੀ ਮੌਜ ਖਾਤਰ ਹੈ ਬੁਝਾ ਦੇਂਦੀ।

ਹਕੀਕਤ ਇਸ਼ਕ ਦੀ ਜੇ ਮਹਿਜ਼ ਹੁੰਦੀ ਖੇਡ ਜਿਸਮਾਂ ਦੀ
ਤਾਂ ਦੁਨੀਆਂ ਅੱਜ ਤੀਕਰ ਨਾਂ ਤੇਰਾ ਮੇਰਾ ਭੁਲਾ ਦੇਂਦੀ।

ਮੈਂ ਬਿਨ ਸੂਲਾਂ ਦੇ ਰਾਹ ਤੇ ਕੀ ਟੁਰਾਂ ਮੈਨੂੰ ਸ਼ਰਮ ਆਂਦੀ ਹੈ
ਮੈਂ ਅੱਖੀਂ ਦੇਖਿਐ ਕਿ ਹਰ ਕਲੀ ਓੜਕ ਦਗ਼ਾ ਦੇਂਦੀ ।

ਵਸਲ ਦਾ ਸਵਾਦ ਤਾਂ ਇਕ ਪਲ ਦੋ ਪਲ ਦੀ ਮੌਜ ਤੋਂ ਵੱਧ ਨਹੀਂ
ਜੁਦਾਈ ਹਸ਼ਰ ਤੀਕਰ ਆਦਮੀ ਨੂੰ ਹੈ ਮਜ਼ਾ ਦੇਂਦੀ ।

-- ਸ਼ਿਵ ਕੁਮਾਰ ਬਟਾਲਵੀ (੧੯੩੭-੧੯੭੩)

ਪਿਤਾ

ਗੁਰਲਾਲ ਕਵੀ

ਪਿਤਾ
ਦੋ ਅੱਖਰਾ ਸ਼ਬਦ ਹੀ ਨਹੀਂ
ਪ੍ਰਥਮ ਦਾ ਪ (ਪੱਪਾ)
ਅਤੇ ਅਨੰਤ ਦਾ ਤ (ਤੱਤਾ) ਹੈ

ਆਪਣੇ ਬੱਚਿਆਂ ਦੀ ਪ੍ਰਥਮ ਖਾਹਿਸ਼ ਤੋਂ
ਅਨੰਤ ਖਾਹਿਸ਼ਾਂ ਦੀ ਸੰਪੂਰਨਤਾ ਵਿਚਲਾ
ਪੁਲ ਹੈ, ਪਿਤਾ

ਪਿਤਾ, ਧਰਤੀ ਹੇਠਲਾ ਨਹੀਂ
ਧਰਤੀ ਉਤਲਾ ਬਲਦ ਹੈ
ਜਿਸ ਦੇ ਮੋਢਿਆਂ 'ਤੇ
ਭੁੱਖਾਂ, ਤੇਹਾਂ, ਰੀਝਾਂ, ਸੁਪਨਿਆਂ ਦੇ
ਅਨੇਕ ਥੰਮ ਖੜ੍ਹੇ ਹੁੰਦੇ, ਆਸਰਾ ਲਈ

ਪਿਤਾ, ਖ਼ੂਨ
ਪਾਣੀ
ਆਕਸੀਜਨ

ਊਰਜਾ ਦਾ
ਉਹ ਮਿਸ਼ਰਿਤ ਸੋਮਾ ਹੈ, ਜੋ ਆਪਣੀ
ਅਸਲ ਹੋਂਦ ਗਵਾ ਕੇ ਵੀ
ਸਰੀਰ ਨੂੰ ਨਿੱਘਾ ਰੱਖਦੈ
ਜਿਊਂਦਾ ਰੱਖਦੈ

ਸੂਰਜ ਵਾਂਗੂ
ਥੱਕ ਟੁੱਟ ਡੁੱਬ ਜਾਂਦੈ ਸ਼ਾਮੀਂ
ਤੇ ਸੁਭਾ ਫਿਰ
ਪੂਰੇ ਜਲਾਲ ਓ ਜਮਾਲ ਨਾਲ
ਦਗਦਾ ਪਿਤਾ
ਰੋਟੀ ਦੇ ਆਹਰ ਲੱਗ ਜਾਂਦੈ

ਉਸਨੂੰ ਥਕਾਵਟ ਆਉਂਦੀ ਹੈ
ਪਰ ਉਹ ਕਦੇ ਥੱਕਦਾ ਨਹੀਂ

ਹਿੰਮਤ ਨਾਲ ਪੇਟ ਭਰਦਾ
ਸਬਰ ਨਾਲ ਤਨ ਢਕਦਾ
ਬਿਆਈਆਂ ਦੀਆਂ ਖੜਾਵਾਂ ਪਾ
ਰੋਜ਼ ਬਣਵਾਸ 'ਤੇ ਜਾਂਦਾ
ਘਰ ਪਰਤਣ ਲਈ

Sri Satguru Jagjit Singh Ji eLibrary NamdhariElibrary@gmail.com

ਪਿਤਾ ਹੋਣਾ, ਬੁੱਧ ਹੋਣ ਨਾਲੋਂ
ਕਿਤੇ ਔਖਾ ਹੈ।

ਸ਼ਾਇਰੀ ਦਾ ਭਰ ਵਗਦਾ ਦਰਿਆ ਕੁਲਵੰਤ ਨੀਲੌਂ

੩੩ਵੀਂ ਬਰਸੀ ਤੇ

ਬੁੱਧ ਸਿੰਘ ਨੀਲੋਂ

ਸ਼ਾਇਦ ਮੈਂ ਕਦੇ ਨਾ ਲਿਖਣ ਲੱਗਦਾ ਜੇ ਮੇਰੇ ਪੁਰਖੇ ਕੁਲਵੰਤ ਨੀਲੋ ਤੇ ਜਗਦੀਸ਼ ਨੀਲੌਂ ਨਾ ਹੁੰਦੇ ।ਦੋਹਾਂ ਹੀ ਭਰਾਵਾਂ ਨੇ ਪੰਜਾਬੀ ਸਾਹਿਤ ਦੀਆਂ ਝੋਲੀਆਂ ਭਰੀਆਂ ਪਰ ਆਪ ਖਾਲੀ ਖੀਸੇ ਤੇ ਖਾਲੀ ਪੀਪੇ ਵਾਂਗ ਜੀਵਨ ਜੀਵਿਆ। ਕੁਲਵੰਤ ਨੀਲੌਂ..ਨੂੰ ਪਿੰਡ ਕਾਲੀ ਮਾਸਟਰ ਕਹਿੰਦੇ ਸੀ..ਸਕੂਲ ਵਿੱਚ ਉਸ ਕੁਲਵੰਤ ਸਿੰਘ ਸੀ ਤੇ ਸਾਹਿਤਕ ਸੱਥਾਂ ਦੇ ਵਿੱਚ ਉਹ ਖਾੜਕੂ ਕੁਲਵੰਤ ਨੀਲੌਂ ਵਜੋਂ ਜਾਣਿਆ ਜਾਂਦਾ ਸੀ..

ਜ਼ਿੰਦਗੀ ਭਰ ਕਦੇ ਉਨ੍ਹਾਂ ਨੇ ਕਦੇ ਹਾਲਾਤ ਨਾਲ ਸਮਝੌਤਾ ਨਹੀਂ ਕੀਤਾ। ਸਾਦਗੀ ਤੇ ਸਬਰ ਨਾਲ ਜ਼ਿੰਦਗੀ ਗੁਜ਼ਾਰੀ। ਉਨ੍ਹਾਂ ਦੀਆਂ ਸੱਠ ਸਾਲ ਪਹਿਲਾਂ ਲਿਖੀਆਂ ਗ਼ਜ਼ਲਾਂ ਤੇ ਕਵਿਤਾਵਾਂ ਅਜੋਕੇ ਸਮੱਸਿਆ ਦੀ ਭਵਿੱਖ ਬਾਣੀ ਕਰ ਗਈਆਂ ਸਨ..ਅੱਜ ਜੋ ਵੀ ਸਮਾਜਿਕ ਤੇ ਰਾਜਨੀਤਿਕ ਹਾਲਤ ਉਹਨਾਂ ਦੀਆਂ ਲਿਖਤਾਂ ਦੇ ਵਿਚੋਂ ਦੇਖੀ ਜਾ ਸਕਦੀ ਹੈ..ਉਨ੍ਹਾਂ ਦੇ ਸਿੱਧੇ ਤੇ ਸਪੱਸ਼ਟ ਸ਼ੇਅਰ ਬੰਦੇ ਦੇ ਮੱਥੇ ਵਿੱਚ ਵੱਜਦੇ ਸਨ..ਉਨ੍ਹਾਂ ਨੂੰ ਉਸ ਦੇ ਨਾਲ ਨੇ ਵੀ ਨਹੀਂ ਸਮਝਿਆ ..ਇਹ ਦੁਸ਼ਮਣ ਦੀਆਂ ਚਾਲਾਂ ਕੀ ਸਮਝਣਗੇ..ਜਿਹੜੇ ਉਸ ਨੂੰ ਵੀ ਨਹੀ ਸਕੇ..ਉਨ੍ਹਾਂ ਦੇ ਸਮਕਾਲੀ ਰਾਮਪੁਰ ਵਾਲੇ..ਭਾਵੇਂ ਉਸਨੂੰ ਉਪਰੋਂ ਮੁਹੱਬਤ ਕਰਦੇ ਸੀ ਪਰ ਅੰਦਰੋ ਖਾਰ ਖਾਂਦੇ ਸੀ..ਪਰ ਵੱਡੇ ਕਵੀ ਤੇ

Sri Satguru Jagjit Singh Ji eLibrary NamdhariElibrary@gmail.com

ਆਲੋਚਕ ਉਸਨੂੰ ਮੁਹੱਬਤ ਕਰਦੇ ਸਨ...ਪੰਜਾਬੀ ਗ਼ਜ਼ਲ ਨੂੰ ਔਰਤ ਦੀਆਂ ਜ਼ੁਲਫ਼ਾਂ ਵਿਚੋਂ ਕੱਢ ਕੇ ਜ਼ਿੰਦਗੀ ਦੇ ਨਾਲ ਜੋੜਿਆ ਹੀ ਨਹੀਂ ਸਗੋਂ ਆਪਣੀ ਗ਼ਜ਼ਲ ਦਾ ਲੋਹਾ ਵੀ ਮੰਨਵਾਇਆ..

ਸਪੱਸ਼ਟ ਤੇ ਮੂੰਹ ਤੇ ਗੱਲ ਆਖਣ ਦੀ ਜੁਰਅਤ ਰੱਖਣ ਵਾਲੇ ਕੁਲਵੰਤ ਦੇ ਬੋਲ ਜਦੋਂ ਕਦੇ ਸਾਹਿਤਕ ਸਮਾਗਮਾਂ ਦੇ ਵਿੱਚ ਗੂੰਜਦੇ ਸਨ ਤਾਂ ਹਵਾਵਾਂ ਵੀ ਰੁਖ ਬਦਲ ਲੈਂਦੀਆਂ ਸਨ..੧੯੭੮ ਦੇ ਤਰਲੋਚਨ ਆਜ਼ਾਦ ਦੀ ਮੁਹੱਬਤ ਨੇ ਉਸਨੂੰ ਮਾਣ ਦਿੱਤਾ ਤਾਂ ਪਹਿਲੀ ਕਿਤਾਬ ਲਾਹੌਰ ਬੁੱਕ ਸ਼ਾਪ ਲੁਧਿਆਣਾ ਵੱਲੋਂ ਛਪੀ..ਆਸਾਂ ਦੇ ਬੋਟ...ਇਸ ਕਿਤਾਬ ਦੀ ਹਰ ਗ਼ਜ਼ਲ ਕਾਲਜੇ ਨੂੰ ਧੂਹ ਪਾਉਂਦੀ ਹੈ..ਇਸ ਕਿਤਾਬ ਬਾਰੇ ਡਾਕਟਰ ਸਾਧੂ ਸਿੰਘ ਹਮਦਰਦ ਜੀ ਨੇ ਆਪਣੇ ਥੀਸਿਸ ਦੇ ਵਿੱਚ ਲਿਖਿਆ ਸੀ ਕਿ ਕੁਲਵੰਤ ਨੀਲੋਂ ਨੂੰ ਜਦੋਂ ਪੜ੍ਹਿਆ ਤਾਂ ਮੈਂ ਹੈਰਾਨ ਹੋਇਆ ..ਐਨੀ ਪੁਖਤਾ ਸ਼ਾਇਰੀ ਮੇਰੇ ਨਜ਼ਰੋਂ ਕਿਵੇ ਦੂਰ ਰਹੀ..ਜ਼ਿੰਦਗੀ ਦੇ ਸੰਘਰਸ਼ਮਈ ਜੀਵਨ ਨੇ ਉਸਨੂੰ ਕਦੇ ਵੀ ਸਕੂਨ ਨਾ ਲੈਣ ਦਿੱਤਾ ..ਜਦੋਂ ਵੀ ਕਦੇ ਉਨ੍ਹਾਂ ਉਦਾਸ ਹੋਣਾ ਤਾਂ ਸਾਡੇ ਵੱਲ ਆ ਜਾਣਾ...ਤੇ ਫੇਰ ਮੈਂ ਉਨ੍ਹਾਂ ਦੇ ਲਈ ਬਾਗ ਵਾਲੇ ਠੇਕੇ ਤੋਂ ਸਮਾਨ ਲਿਆ ਦੇਣਾ...ਉਹਨਾਂ ਕਹਿਣਾ ..ਵੱਧ ਪੜ੍ਹਿਆ ਕਰ ਤੇ ਘੱਟ ਲਿਖਿਆ ਕਰ...ਤੇਰਾ ਇਹ ਪੜ੍ਹਨ ਦਾ ਵੇਲਾ ਹੈ

..ਉਨ੍ਹਾਂ ਦਾ ਇਕ ਮਿੱਤਰ ਸੀ ਗਰੀਬ ਦਾਸ ..ਬਿਜਲੀ ਵਿਭਾਗ ਦੇ ਵਿੱਚ ..ਉਹ ਗ਼ਜ਼ਲਾਂ ਗਾਉਂਦਾ ਸੀ. ਉਸਦੇ ਲਈ ਮਿੱਟੀ ਦਾ ਤਬਲਾ ਬਣਾਇਆ ਫੇਰ ਆਪ ਹੀ ਮੜ੍ਹਿਆ..ਫੇਰ ਦੋਹਾਂ ਨੇ ਬਹਿ ਕੇ ਗ਼ਜ਼ਲਾਂ ਗਾਉਣੀਆਂ...ਘਰ ਦੀਆਂ ਤੁਰਸ਼ੀਆਂ ਤੰਗੀਆਂ ਨੇ ਉਨ੍ਹਾਂ ਨੂੰ ਬਹੁਤ ਤਲਖ

ਕੀਤਾ..ਪਿੰਡ ਤੋਂ ਨਾਭੇ ਤੱਕ ਸਾਈਕਲ ਤੇ ਜਾਣਾ..ਮਹਿੰਦਰ ਰਾਮਪੁਰੀ ਦੇ ਨਾਲ ਡਰਾਇੰਗ ਮਾਸਟਰ ਬਣਿਆ ..ਨਾਭੇ ਦੇ ਸਾਹਿਤਕ ਮਿੱਤਰਾਂ ਦੇ ਸਾਥ ਨੇ ਗ਼ਜ਼ਲਾਂ ਵਿੱਚ ਨਵਾਂ ਰੰਗ ਭਰਿਆ ..ਉਸਤਾਦ ਰਾਮ ਨਾਥ ਸਰਵਰ ਤੋਂ ਪਿੰਗਲ ਤੇ ਅਰੂਜ਼ ਸਿਖਿਆ ..ਪਰ ਉਨ੍ਹਾਂ ਗ਼ਜ਼ਲ ਉਰਦੂ ਦੇ ਜਾਲ ਵਿਚੋਂ ਕੱਢਣ ਦੇ ਲਈ ਆਪਣਾ ਗ਼ਜਲ ਵਿਧਾਨ ਬਣਾਇਆ ..ਇਕ ਦਿਨ ਗੁਰਭਜਨ ਗਿੱਲ ਹੋਰਾਂ ਦੱਸਿਆ ..ਪੰਜਾਬੀ ਭਵਨ ਦੇ ਸੈਮੀਨਾਰ ਹਾਲ ਦਾ ਲੈਂਟਰ ਨੂੰ ਖੁੱਲ੍ਹਿਆਂ ਅਜੇ ਥੋੜ੍ਹਾ ਸਮਾਂ ਹੋਇਆ ਸੀ ਜਦ ੧੯੭੮ ਚ ਡਾ: ਸ ਨ ਸੇਵਕ ਵੱਲੋਂ ਸਾਹਿੱਤਕ ਪੱਤਰ ਸੰਚਾਰ ਦੇ ਰਿਲੀਜ਼ ਸਮਾਗਮ ਵੇਲੇ ਇਕ ਸਮਾਗਮ ਵਿੱਚ ਕੁਲਵੰਤ ਨੀਲੋਂ ਨੇ ਗ਼ਜ਼ਲ ਤੇ ਪੇਪਰ ਪੜ੍ਹਿਆ ..ਤੇ ਨਿਰੋਲ ਪੰਜਾਬੀ ਬਹਿਰਾਂ ਬਾਰੇ ਉਨ੍ਹਾਂ ਜਿਸ ਤਰ੍ਹਾਂ ਦੱਸਿਆ ਉਸ ਵੇਲੇ ਦੇ ਕਈ ਵਿਦਵਾਨਾਂ ਦੇ ਮੂੰਹ ਬੰਦ ਹੋ ਗਏ ਸਨ...ਉਹ ਸਾਡੇ ਸਮਿਆਂ ਦਾ ਵੱਡਾ ਕਵੀ ਸੀ...! ਇੱਕੋ ਸ਼ਿਅਰ ਕਾਫੀ ਹੈ

ਆਈ ਘੜੀ ਉਨ੍ਹਾਂ ਦੇ ਹੁਣ ਹੋਸ਼ਿਆਰ ਹੋਣ ਦੀ,
ਲੁੱਟੀ ਗਈ ਹਰ ਮੋੜ ਤੇ ਜਿੰਨ੍ਹਾਂ ਦੀ ਸਾਦਗੀ।

ਉਨ੍ਹਾਂ ਦੀ ਦੂਜੀ ਕਿਤਾਬ...ਆਪਣਾ ਤੇ ਪਰਾਇਆ ਸੂਰਜ...ਕਰਤਾਰ ਸਿੰਘ ਮਲਸੀਆਂ ਦੀ ਕਿਰਪਾ ਨਾਲ ਛਪੀ..ਪਿੰਡ ਵਿੱਚ ਸਮਾਗਮ ਹੋਇਆ .ਪੰਜਾਬ ਦੇ ਵੱਡੇ ਲੇਖਕਾਂ ਨੇ ਹਾਜਰੀ ਭਰੀ..ਵਿਆਹ ਵਰਗਾ ਸਮਾਗਮ ਹੋਇਆ .ਜੋ ਹੁਣ ਤੱਕ ਕਿਤੇ ਵੀ ਨਹੀਂ ਹੋਇਆ।

ਚਾਰ ਕੁ ਸਾਲ ਪਹਿਲਾਂ ਮਾਸਟਰ ਤਰਲੋਚਨ ਸਿੰਘ ਸਮਰਾਲਾ ਨੇ ਕੁਲਵੰਤ ਦੀਆਂ ਸਮੁੱਚੀਆਂ ਰਚਨਾਵਾਂ ਤੇ ਉਨ੍ਹਾਂ ਦੀਆਂ ਯਾਦਾਂ ਨੂੰ ਇਕ ਜਿਲਦ

ਵਿੱਚ ਛਾਪਿਆ ..ਉਨ੍ਹਾਂ ਦੀਆਂ ਘਰੋਂ ਕਵਿਤਾਵਾਂ ਨਾ ਲੱਭਣ... ਤਾਂ ਤਰਲੋਚਨ ਨੇ ਮੈਨੂੰ ਪੁੱਛਿਆ ..ਮੈਨੂੰ ਉਨ੍ਹਾਂ ਦੀਆਂ ਸਤਾਈ ਕਵਿਤਾਵਾਂ ਮਿਲ ਗਈਆਂ ..ਜੋ ਇਸ ਕਿਤਾਬ ਦੇ ਵਿੱਚ ਸ਼ਾਮਲ ਹਨ..ਇਕ ਦਿਨ ਪੰਜਾਬ ਵਿਧਾਨਸਭਾ ਦੇ ਸਾਬਕਾ ਡਿਪਟੀ ਸਪੀਕਰ ਸ: ਬੀਰ ਦਵਿੰਦਰ ਸਿੰਘ ਜੀ ਦਾ ਮੈਨੂੰ ਫੋਨ ਆਇਆ ...ਬੁੱਧ ਸਿੰਘ ਜੀ..ਮੇਰੀ ਲਾਇਬ੍ਰੇਰੀ ਵਿਚੋਂ ਕੋਈ ਕੁਲਵੰਤ ਨੀਲੌਂ ਦੀਆਂ ਕਿਤਾਬਾਂ ਲੈ ਗਿਆ ..ਮੈਨੂੰ ਇਹ ਹੁਣ ਉਹਨਾਂ ਦੀਆਂ ਕਿਤਾਬਾਂ ਤੋਂ ਬਿਨਾਂ ਖਾਲੀ ਲੱਗਦੀ ਹੈ...? ਮੈਂ ਉਨ੍ਹਾਂ ਨੂੰ ਤਰਲੋਚਨ ਵਾਲੀ ਸੰਪਾਦਤ ਕੀਤੀ ਕਿਤਾਬ ਭੇਜੀ..ਤਾਂ ਉਨ੍ਹਾਂ ਦੇ ਧੰਨਵਾਦ ਦੇ ਬੋਲ ਆ ਗਏ. ਕੁਲਵੰਤ ਨੀਲੋਂ ਜੀ ਨੂੰ ਸਾਡੇ ਕੋਲੋਂ ਤੁਰ ਗਿਆ ਤੇਤੀ ਸਾਲ ਹੋ ਗਏ ਹਨ ਪਰ ਉਹਨਾਂ ਦੀਆਂ ਗ਼ਜ਼ਲਾਂ ਤੇ ਯਾਦਾਂ ਸਾਡੇ ਨਾਲ ਨਾਲ ਚੱਲ ਰਹੀਆਂ ਹਨ...

ਮੇਰੀਆਂ ਲਿਖਤਾਂ ਤੇ ਕੁਲਵੰਤ ਨੀਲੋ ਤੇ ਸੁਰਜੀਤ ਖੁਰਸ਼ੀਦੀ ਦਾ ਬਹੁਤ ਅਸਰ ਹੈ..ਦੋਵੇਂ ਵਿਦਵਤਾ ਦਾ ਸੋਮਾ ਸਨ...ਦੋਹਾਂ ਦੇ ਬੋਲ ਵਿਚਾਰ ਰਲਦੇ ਸੀ..ਇਸ ਕਰਕੇ ਉਹ ਬਾਕੀ ਦੇ ਜੁਗਾੜਬੰਦੀ ਗਰੁੱਪਾਂ ਦੇ ਹਮੇਸ਼ਾਂ ਸ਼ਿਕਾਰ ਹੁੰਦੇ ਰਹੇ...ਕੁਲਵੰਤ ਨੀਲੌਂ ਦਾ ਛੋਟਾ ਪੁੱਤਰ ਕਮਲਜੀਤ ਨੀਲੋਂ ਨੇ ਜਦੋਂ ..ਸੌਂ ਜਾ ਬੱਬੂਆ ...ਗਾਇਆ ਤਾਂ ਕੁਲਵੰਤ ਨੀਲੋਂ ਨੇ ਕਿਹਾ.. ਜਿਹੜੇ ਜਾਗਦੇ ਤੂੰ ਉਹ ਸੁਆ ਰਿਹੈ। ਸ਼ਾਬਾਸ਼ ਤੇਰੇ....

ਕੁਲਵੰਤ ਨੀਲੌਂ ਦੇ ਕਰਕੇ ਪਿੰਡ ਨੀਲੌਂ ਕਲਾਂ ਮਸ਼ਹੂਰ ਹੋਇਆ ...ਅਸੀਂ ਉਹਨਾਂ ਦੀ ਵਿਰਾਸਤ ਨੂੰ ਅੱਗੇ ਤੋਰਿਆ ਹੈ.....ਅੱਜ ਵੀ ਮੈਨੂੰ ਸੈਕੜਿਆਂ ਦੀ ਗਿਣਤੀ ਦੇ ਵਿੱਚ ਉਨ੍ਹਾਂ ਦੇ ਸ਼ਿਅਰ ਯਾਦ ਹਨ... ਗੱਲਾਂ ਬਹੁਤ ਹਨ..ਪਰ ਗੱਲ਼ ਲਮਕਾਉਣੀ ਚੰਗੀ ਨਹੀਂ ਹੁੰਦੀ ...

ਪਰ ਉਨ੍ਹਾਂ ਦੇ ਸ਼ੇਅਰ ਅੱਜ ਵੀ ਕਾਲਜੇ ਛੇਕ ਪਾਉਂਦੇ ਨੇ।

ਕੁਲਵੰਤ ਜੀ ਦੀਆਂ ਯਾਦਾਂ ਦੇ ਵਰਕੇ ਫਰੋਲ ਦਿਆਂ ਬਹੁਤ ਕੁੱਝ ਯਾਦ ਆਉਦਾ ਕਦੇ ਫੇਰ ਸਹੀ....ਅੱਜ ਉਨ੍ਹਾਂ ਦੀ ਤੇਤੀਵੀਂ ਬਰਸੀ ਹੈ...

ਆਮੀਨ!

ਬੁੱਧ ਸਿੰਘ ਨੀਲੋਂ
੯੪੬੪੩੭੦੮੨੩

ਸੰਵੇਦਨਸ਼ੀਲਤਾ

ਮੀਡੀਆ ਚੈਨਲਾਂ ਨਾਲ ਜੁੜੇ ਬਹੁਤੇ ਲੋਕਾਂ ਦੀ ਸੰਵੇਦਨਸ਼ੀਲਤਾ ਮਰ ਗਈ ਹੈ।

"ਸਿੱਧੂ ਮੂਸੇਵਾਲਾ ਦੇ ਵੱਜੀਆਂ ੨੪ ਗੋਲੀਆਂ

ਸਭ ਤੋਂ ਪਹਿਲਾਂ ਸਾਡਾ ਚੈਨਲ ਗਰਾਊਂਡ ਜ਼ੀਰੋ ਤੋ ਵਿਖਾ ਰਿਹਾ ਤੁਹਾਨੂੰ ..ਦੱਬ ਕੇ ਸ਼ੇਅਰ ਕਰਦੋ ਵੀਡੀਓ"....

"ਮੂਸੇਵਾਲਾ ਦੀ ਹੋਈ ਮੌਤ

ਸਭ ਤੋਂ ਵੱਡੀ ਅਪਡੇਟ

ਸਭ ਤੋਂ ਪਹਿਲਾਂ ਸਾਡਾ ਚੈਨਲ ਵਿਖਾ ਰਿਹਾ ਤੁਹਾਨੂੰ "....

"ਮੂਸੇਵਾਲਾ ਦਾ ਹੋਇਆ ਖੇਤਾਂ ਚ' ਅੰਤਮ ਸਸਕਾਰ

ਸਭ ਤੋਂ ਪਹਿਲਾਂ ਸਾਡਾ ਚੈਨਲ ਵਿਖਾ ਰਿਹਾ ਤੁਹਾਨੂੰ

ਦੱਬ ਕੇ ਸ਼ੇਅਰ ਕਰਦੋ ਵੀਡੀਓ"....

"ਮੂਸੇਵਾਲਾ ਦੀ ਮਾਂ ਦਾ ਦੁੱਖ ਝੱਲਿਆ ਨੀ ਜਾਂਦਾ

ਇਸ ਵੇਲੇ ਦੀ ਸਭ ਤੋਂ ਵੱਡੀ ਖ਼ਬਰ ਸਭ ਤੋਂ ਪਹਿਲਾਂ ਸਾਡਾ ਚੈਨਲ ਵਿਖਾ ਰਿਹਾ ਤੁਹਾਨੂੰ ਦੱਬ ਕੇ ਸ਼ੇਅਰ ਕਰੋ "....

ਆਖ਼ਰੀ ਵਾਰ ਪਿਓ ਨੇ ਦਿੱਤਾ ਪੁੱਤ ਦੀ ਮੁੱਛ ਨੂੰ ਵੱਟ ......

ਇਸ ਵੇਲੇ ਦੀ ਸਭ ਤੋਂ ਵੱਡੀ ਅਪਡੇਟ "

ਸਾਡਾ ਚੈਨਲ ਸਭ ਤੋਂ ਪਹਿਲਾ ਵਿਖਾ ਰਿਹਾ ..

"ਮੂਸੇਵਾਲਾ ਦੇ ਪਿਤਾ ਨੇ ਆਪਣੀ ਪੱਗ ਲਾਹ ਦਿੱਤੀ ਇਸ ਵੇਲੇ ਦੀ ਸਭ ਤੋਂ ਵੱਡੀ ਖ਼ਬਰ
ਸਭ ਤੋਂ ਪਹਿਲਾਂ ਸਾਡਾ ਚੈਨਲ ਵਿਖਾ ਰਿਹਾ ਤੁਹਾਨੂੰ
ਦੱਬ ਕੇ ਸ਼ੇਅਰ ਕਰਦੋ ਵੀਡੀਓ"....
"ਜਾਂਦੇ ਜਾਂਦੇ ਨੂੰ ਮੇਰੇ ਪੁੱਤ ਨੂੰ ਕਿਤੇ ਧੁੱਪ ਨਾ ਲੱਗਜੇ
ਮਾਂ ਨੇ ਚੁੰਨੀ ਨਾਲ ਛਾਂ ਕੀਤੀ "...

ਦੁੱਖ 'ਚ ਡੁੱਬੀ ਡੌਰ ਭੌਰ ਹੋਈ ਪਈ ਮਾਂ ਦੀਆਂ ਵੀਡੀਓ ਲਾਈਵ ਹੋ ਕੇ ਦਿਖਾਉਣ ਲਈ ਧੱਕਾ ਮੁੱਕੀ ਹੋ ਰਹੇ ਨੇ " ਪੱਤਰਕਾਰ "
ਤੇ ਲੀਡਰ ਵੀ ਅਫ਼ਸੋਸ ਕਰਨ ਦੀ ਬਜਾਏ ਪੱਤਰਕਾਰਾਂ ਦੇ ਮਾਈਕਾਂ ਵੱਲ ਝਾਕ ਰਹੇ ਨੇ ..

'ਉਹ' ਬਲਦੇ ਸਿਵੇ ਚੋਂ ਸਟੋਰੀ ਕੱਢਕੇ ਅਕਲ ਦਾ ਜਨਾਜਾ ਕੱਢ ਰਹੇ ਨੇ। ਨਾਂ ਉਨਾਂ ਕੋਲ ਦਰਦ ਐ, ਨਾਂ ਲਿਆਕਤ। ਉਨਾਂ ਕੋਲ ਦੇਹਾਂ ਨੇ, ਮੁਰਦਾ। ਜਿਉਂਦੇ ਹੋਣ ਦੇ ਭੇਸ ਵਿੱਚ।

ਹੱਦ ਹੈ .. ਕੀ ਸਾਨੂੰ ਕਿਸੇ ਦੁੱਖ 'ਚ ਸ਼ਾਮਲ ਹੋਣਾ ਆਉਂਦਾ .. ਇਹਨਾਂ ਲੋਕਾਂ ਨੂੰ ਕੋਈ ਅਫ਼ਸੋਸ ਨਹੀਂ ਹੈ। ਅੱਜ ਕੁਝ ਵੀ ਕਹਿਣ ਨੂੰ ਦਿਲ ਨਹੀਂ ਕਰ ਰਿਹਾ।

"ਰਜਿੰਦਰ ਬੇਦੀ ਦੀ ਕਹਾਣੀ ਐ – ਮਾਂ ਵੈਣ ਪਾ ਰਹੀ ਐ। ਇੱਕੀਆਂ ਬਾਈਆਂ ਵਰ੍ਹਿਆਂ ਦਾ ਉਸਦਾ ਪੁੱਤ ਚੜ੍ਹਾਈ ਕਰ ਗਿਆ।

ਕਹਿ ਰਹੀ ਐ – 'ਕਿੱਥੇ ਤਾਂ ਤੇਰੀ ਉਮਰ ਸੀ ਮੈਨੂੰ ਮੋਢਿਆਂ ਤੇ ਚੁੱਕਣ ਦੀ, ਕਿੱਥੇ ਤੂੰ ਮੇਰੇ ਮੋਢਿਆਂ ਤੇ ਚੜ੍ਹ ਚੱਲਿਐਂ।'

ਸੱਥਰ ਤੇ ਬੈਠੇ ਇਕ ਮੁੰਡੇ ਨੇ ਦੂਜੇ ਨੂੰ ਕਿਹੈ –

'ਜੇ ਇਹ ਵਾਕ ਕੋਈ ਲਿਖ ਦੇਵੇ ਲੋਕ ਰੋ ਰੋ ਪਾਗਲ ਹੋ ਜਾਣ।'

ਇਹ ਲਿਖਣ ਲਈ ਪਹਿਲਾਂ ਇੱਕੀਆਂ ਵਰ੍ਹਿਆਂ ਦਾ ਪੁੱਤ ਗਵਾਉਣਾ ਪੈਂਦੈ – ਦੂਜੇ ਨੇ ਕਿਹਾ। ”

ਪੱਤਰਕਾਰੀ ਦਾ ਆਹ ਪੱਧਰ ਵੇਖ ਕੇ ਪ੍ਰੋ ਪੰਜਾਬ, ਆਨਏਅਰ, ਯਾਦਵਿੰਦਰ ਕਰਫਿਊ, ਸ਼ਰਨਜੀਤ ਮਕੱੜ, ਰੋਜ਼ਾਨਾ ਸਪੋਸਕਸਮੈਨ ਅਤੇ ਹੋਰ ਕਿੰਨੇ .. ਪਤਾ ਨਹੀਂ ਇਹਨਾਂ ਨੂੰ ਸ਼ਰਮ ਕਿਉਂ ਨਹੀਂ ਆ ਰਹੀ ...

ਬਿਨਾ ਇਜ਼ਾਜਤ

ਸ੍ਰ ਰਮਨ ਸੰਧੂ ਤੇ ਸ੍ਰ ਗਰਦੀਪ ਸਿੰਘ ਢਿਲੋਂ

ਸੁਣਿਆ ਜੋ ਕੱਲ੍ਹ ਕਤਲ ਹੋਇਆ ਹੈ
ਕੋਈ ਆਪਣੀ ਹੀ
ਸਿਰਜਣਾ ਦੇ ਖੂਹ 'ਚ ਡੁੱਬ ਕੇ ਮੋਇਆ ਹੈ

ਉਹ
ਜ਼ਿੰਦਗੀ ਦੇ ਸਾਹਾਂ ਦੀ
ਡੋਰ ਤੋੜ ਦੇਣ ਦੀਆਂ
ਦਾਅਵੇਦਾਰੀਆਂ 'ਤੇ ਖੜ੍ਹਦਾ ਰਿਹਾ
ਸ਼ੌਕ ਨਾਲ ਵੀ ਕਤਲ ਕਰ ਦੇਣ ਦੇ
ਕਸੀਦੇ ਪੜ੍ਹਦਾ ਰਿਹਾ
ਅਣਭੋਲ ਮਨਾਂ 'ਚ
ਹਉਮੈ ਦੀਆਂ ਪੁੜੀਆਂ ਧਰਦਾ ਰਿਹਾ
ਅੱਥਰੀ ਜਵਾਨੀ ਦੇ ਸੁੱਚੇ ਜਜ਼ਬਿਆਂ ਨੂੰ
ਨਿੱਜ ਦੀ ਭੱਠੀ ਹਵਾਲੇ ਕਰਦਾ ਰਿਹਾ
ਨਿੱਤ ਦਿਨ ਫੋਕੀ ਸ਼ੋਹਰਤ ਦੇ
ਸਾਗਰਾਂ 'ਚ ਤਰਦਾ ਰਿਹਾ
ਤੇ ਆਪਣੀ ਸਿਰਜਣਾ ਦੇ ਭਰਮਾਂ 'ਚ
ਜ਼ਿੰਦਗੀ ਦੀਆਂ ਸੁੱਚੀਆਂ ਕਦਰਾਂ ਦੇ
ਮਰਸੀਏ ਪੜ੍ਹਦਾ ਰਿਹਾ

Sri Satguru Jagjit Singh Ji eLibrary NamdhariElibrary@gmail.com

ਉਸ ਪਿੰਡ ਦੇ
ਅੱਲ੍ਹੜ ਮੁੰਡਿਆਂ ਦੇ
ਹਾਣੀ ਦਾ ਕਤਲ ਤਾਂ
ਕਈ ਵਰ੍ਹੇ ਪਹਿਲਾਂ ਹੀ ਹੋ ਗਿਆ ਸੀ
ਉਹ ਤਾਂ ਪਿੰਡ ਦੀਆਂ ਗਲੀਆਂ 'ਚ
ਉਦੋਂ ਹੀ ਕਿਤੇ ਖੋਹ ਗਿਆ ਸੀ
ਜਦੋਂ
ਕਲਾ 'ਚੋਂ ਸ਼ੁਹਰਤ
ਤਲਾਸ਼ਣ ਦੇ ਰਾਹ ਹੋ ਗਿਆ ਸੀ
ਉਹਨੂੰ ਤਾਂ ਸਥਾਪਤੀ ਨੇ
ਆਪਣੇ ਪਰਾਂ 'ਚ ਸਮੋ ਲਿਆ ਸੀ
ਸਿੱਕਿਆਂ ਦੀ ਚਾਦਰ ਨੇ
ਕਲਾ ਦਾ ਸੁੱਚਾ
ਵਜੂਦ ਹੀ ਲੁਕੋ ਲਿਆ ਸੀ

ਇਹ ਜੋ ਗੀਤ ਬਣਾ ਕੇ
ਯੂ ਟਿਊਬਾਂ 'ਤੇ ਛਾਇਆ ਸੀ
ਉਹ ਤਾਂ
ਰਾਜੇ ਦੇ ਦਰਬਾਰ ਹੋ ਕੇ ਆਇਆ ਸੀ
ਉਹ ਦਰਬਾਰੋਂ ਥਾਪੜਾ ਲੈ ਕੇ
ਬੇਗਾਨਗੀ ਹੰਢਾਉਂਦੇ ਮੁੰਡਿਆਂ ਦੇ

Sri Satguru Jagjit Singh Ji eLibrary NamdhariElibrary@gmail.com

ਬੇਚੈਨ ਮਨਾਂ ਨੂੰ
ਸਿਖਰਾਂ ਛੂਹਣ ਦੀ
ਤਸੱਲੀ ਦੇ ਭਰਮਾਂ 'ਚ
ਡਬੋਣ ਆਇਆ ਸੀ
ਮਸ਼ਹੂਰ ਹੋਣ ਦੀਆਂ
ਲਾਲਸਾਵਾਂ ਜਗਾ ਕੇ
ਇੰਸਟਾਗ੍ਰਾਮ ਦੀਆਂ
ਰੀਲਾਂ 'ਚ ਪਰੋਣ ਆਇਆ ਸੀ
ਸਿਰਜਣਾ ਦੀਆਂ ਸੰਭਾਵਨਾਵਾਂ ਨੂੰ
ਸਟੇਟਸਾਂ ਤੇ ਸਟੋਰੀਆਂ ਦੇ
ਖੂਹ 'ਚ ਡੁਬੋਣ ਆਇਆ ਸੀ
ਅੱਲ੍ਹੜ ਮਨਾਂ ਤੋਂ ਸੁਪਨਿਆਂ ਦੇ
ਕਾਤਲਾਂ ਦੀ ਪੈੜ ਲੱਭਣ ਦੀ ਜਾਂਚ
ਖੋਹਣ ਆਇਆ ਸੀ
ਸਵੈ-ਮਾਣ ਨੂੰ
ਹੰਕਾਰ 'ਚ ਬਦਲ ਦੇਣ ਦੀ
ਵਿੱਥ ਟੋਹਣ ਆਇਆ ਸੀ

ਜਿਸ ਨੇ ਉਹਨੂੰ ਘੜਿਆ ਤੇ ਤਰਾਸ਼ਿਆ
ਉਸ ਸਥਾਪਤੀ ਨੂੰ ਲੋੜੀਂਦੀ ਹੈ
ਕਰਜ਼ਿਆਂ ਦੇ ਝੰਬੇ ਬਾਪੂਆਂ ਦੇ
ਫ਼ਿਕਰਾਂ ਤੋਂ ਮੁਕਤ ਜਵਾਨੀ

ਚਿੱਟਿਆਂ ਤੇ ਸ਼ੀਸ਼ੀਆਂ ਦੀ
ਹੋਵੇ ਜਿਨ੍ਹਾਂ ਤੱਕ ਰਵਾਨੀ
ਦੁਨੀਆਂ ਦੀ ਹਰ ਸ਼ੈਅ
ਹੰਢਾਉਣ ਦੇ ਸੁਫ਼ਨੇ 'ਚ ਜਿਉਂਦੀ
ਤੇ ਖ਼ਪਤ ਦੇ ਸਾਗਰਾਂ ਚ
ਤਾਰੀਆਂ ਲਾਉਂਦੀ
ਬੱਸ ਹਨ੍ਹੇਰੇ ਭਵਿੱਖ ਦੇ
ਜੰਗਲਾਂ 'ਚ ਭਾਉਂਦੀ
ਕੈਂਸਰਾਂ ਤੇ ਕਰਜ਼ਿਆਂ ਝੰਬੇ ਪਿੰਡਾਂ 'ਚ
ਅਜੇ ਵੀ ਨਾਹਟ ਗਿਆਰਾਂ ਹੋਣ ਦਾ
ਮਾਣ ਹੰਢਾਉਂਦੀ
ਬਸ ਆਪਣੇ ਨਾਇਕ ਉਸਤਾਦਾਂ ਦੇ
ਵਿਊ ਵਧ ਜਾਣ ਦੇ ਜਸ਼ਨ ਮਨਾਉਂਦੀ

ਇਉਂ ਆਪਣੇ ਗੀਤਾਂ ਨਾਲ
ਉਨ੍ਹਾਂ 'ਚ ਕੂਕਦੀਆਂ
ਚੌਧਰ ਦੀ ਲਾਲਸਾ
ਦੀਆਂ ਰੀਤਾਂ ਨਾਲ
ਟਿੱਬਿਆਂ 'ਚ ਜਵਾਨ ਹੁੰਦੇ ਦਿਲਾਂ ਅੰਦਰ
ਖ਼ੁਦਗਰਜ਼ ਕਦਰਾਂ ਦੀ ਪਿਉਂਦ ਕਰਦਿਆਂ
ਸੱਜਰੇ ਸੱਜਰੇ ਦਿਲਾਂ 'ਚ
ਬੇਹੇ ਬੁਸੇ ਰੰਗ ਭਰਦਿਆਂ

ਸਵੈ-ਭਰੋਸਿਉਂ ਸੱਖਣੇ ਮਨਾ 'ਚ
ਬਿਨਾਂ ਵਜ੍ਹਾ ਹੀ ਉੱਤਮ ਹੋਣ ਦੇ
ਹੰਕਾਰ ਦਾ ਸੰਚਾਰ ਕਰਦਿਆਂ
ਉਹ ਜਵਾਨੀ ਦਾ ਨਾਇਕ ਹੋਇਆ ਸੀ
ਪਰ ਜ਼ਿੰਦਗੀ ਦਾ ਖਲਨਾਇਕ ਹੋਇਆ ਸੀ
ਹੁਣ ਕੱਲ੍ਹ
ਉਹ ਆਪਣੀ ਹੀ
ਉਸ ਸਿਰਜਣਾ ਹੱਥੋਂ ਕਤਲ ਹੋਇਆ ਹੈ
ਜਿਸਨੇ ਹਥਿਆਰਾਂ ਤੋਂ ਹੀ ਹਰ ਵਰ ਮੰਗਿਆ ਹੈ
ਜਿਨ੍ਹਾਂ ਨੇ ਉਹਦੇ ਹੀ ਗੀਤਾਂ ਦੀਆਂ ਧੁਨਾਂ 'ਤੇ
ਸਭ ਫ਼ਿਕਰਾਂ ਨੂੰ ਕਿੱਲੀ ਟੰਗਿਆ ਹੈ
ਇਸੇ ਬੇਫ਼ਿਕਰੀ ਦੀਆਂ ਜ਼ਹਿਰਾਂ ਨੇ
ਹੁਣ ਉਸੇ ਨੂੰ ਹੀ ਡੰਗਿਆ ਹੈ

ਸੁਣਿਆ ਜੋ ਕੱਲ੍ਹ ਕਤਲ ਹੋਇਆ ਹੈ
ਕੋਈ ਆਪਣੀ ਹੀ
ਸਿਰਜਣਾ ਦੇ ਖੂਹ 'ਚ ਡੁੱਬ ਕੇ ਮੋਇਆ ਹੈ

ਪਾਵੇਲ ਕੁੱਸਾ

Sri Satguru Jagjit Singh Ji eLibrary NamdhariElibrary@gmail.com

ਗਜ਼ਲ

ਲਖਵਿੰਦਰ ਸਿੰਘ ਬਾਜਵਾ

ਅਸੀਂ ਬੀਜੇ ਗੰਢੇ ਤੇ ਗੰਢੇਲ ਉੱਗ ਪਈ ਏ।
ਕਿੱਥੋਂ ਮਰ ਜਾਣੀ ਇਹ ਚੁੜੇਲ ਉੱਗ ਪਈ ਏ।

ਅਸੀਂ ਤਾਂ ਕਿਹਾ ਸੀ ਲਾਲ ਰੰਗ ਸੋਹਣਾ ਲੱਗਦਾ ਏ,
ਇਹ ਤੇ ਲੈ ਕੇ ਲਹੂ ਦੀ ਤਰੇਲ ਉੱਗ ਪਈ ਏ।

ਝੂਠੀ ਮੂਠੀ ਗੋਲੀਆਂ ਬੰਦੂਕਾਂ ਦੇ ਸੀ ਗੀਤ ਗਾਏ,
ਸੱਚੀਂ ਮੁੱਚੀਂ ਅਸਲੇ ਦੀ ਵੇਲ ਉੱਗ ਪਈ ਏ।

ਲਾਇਆ ਸੀ ਬਰੂਟਾ,ਛਾਵੇਂ ਬਹਿਣਗੇ ਪੰਖੇਰੂ ਆਣ,
ਉਹਦੇ ਤੇ ਹੀ ਚੰਦਰੀ ਗੁਲੇਲ ਉੱਗ ਪਈ ਏ।

ਅਮਨਾਂ ਦੀ ਰਾਖੀ ਦੇ ਲਈ ਬਾਜਵਾ ਜਵਾਨੀ ਮੰਗੀ,
ਅਮਨਾਂ ਦੀ ਜੜ੍ਹੀਂ ਦੇਣ ਤੇਲ ਉੱਗ ਪਈ ਏ।

Sri Satguru Jagjit Singh Ji eLibrary NamdhariElibrary@gmail.com

तक का यह सफ़र,
पता ही नहीं चला ।

क्या पाया, क्या खोया,
क्यों खोया,
पता ही नहीं चला !

बीता बचपन,
गई जवानी
कब आया बुढ़ापा,
पता ही नहीं चला ।

कल बेटे थे,
कब ससुर हो गये,
पता ही नहीं चला !

कब पापा से
नानु बन गये,

पता ही नहीं चला ।

कोई कहता सठिया गये,
कोई कहता छा गये,
क्या सच है,
पता ही नहीं चला !

पहले माँ बाप की चली,
फिर बीवी की चली,
फिर चली बच्चों की,
अपनी कब चली,
पता ही नहीं चला !

बीवी कहती
अब तो समझ जाओ,
क्या समझूँ,
क्या न समझूँ,
न जाने क्यों,
पता ही नहीं चला !

दिल कहता जवान हूँ मैं,
उम्र कहती है नादान हूँ मैं,
इस चक्कर में कब
घुटनें घिस गये,
पता ही नहीं चला !

झड़ गये बाल,
लटक गये गाल,
लग गया चश्मा,
कब बदली यह सूरत
पता ही नहीं चला !

समय बदला,
मैं बदला
बदल गई मित्र-
मंडली भी*
कितने छूट गये,
कितने रह गये मित्र,
पता ही नही चला

Sri Satguru Jagjit Singh Ji eLibrary NamdhariElibrary@gmail.com

कल तक अठखेलियाँ
करते थे मित्रों के साथ,
कब सीनियर सिटिज़न
की लाइन में आ गये,
पता ही नहीं चला !

बहु, जमाई, नाते, पोते,
खुशियाँ आई,
कब मुस्कुराई उदास
ज़िन्दगी,
पता ही नहीं चला ।

जी भर के जी ले प्यारे
फिर न कहना कि ..

"मुझे पता ही नहीं चला।

Sri Satguru Jagjit Singh Ji eLibrary NamdhariElibrary@gmail.com

उन सभी को जिन्होंने अपने परिवार के लिए २१ से ६० वर्ष कमाने में व्यस्त रहे। आज उनके लिए समर्पित एक छोटी सी रचना आई उसे भेज रहा हु।

MEDICINE

is not always found In

Bottles

Tablets

Or

Vaccines

Let us Understand 22 World's Best Medicines

1. Detoxification is a medicine
2. Quitting Junk Food is a medicine
3. Exercise is a medicine.
4. Fasting is a medicine.
5. Nature is a medicine.
6. Laughter is a medicine.

7- 8. Vegetables and Fruits are medicines

9. Sleep is a medicine.
10. Sunlight is a medicine

11-12. Gratitude & Love are medicines

13. Friends are medicines.
14. Meditation is a Medicine.
15. Being Fearless is a Medicine
16. Postive Attitude is a Medicine

17. Unconditional Love towards all living beings is a medicine
18 Listening is a medicine
19 - 20. Speaking up & Sharing are medicines.
21. Accepting is a medicine.

..&….

22. Staying in PRESENT MOMENT is the Medicine

*Very very very important is to adopt above medicines to lead a blissful life

ਅਰਜ਼ੋਈ

ਕੁਲਵੰਤ ਸਿੰਘ ਔਜਲਾ

ਜਗਤ ਮਾਤਾ ਚੰਦ ਕੌਰ ਜੀ ਨੂੰ ਯਾਦ ਕਰਦੇ ਹੋਏ !

ਕਦੇ ਨਾ ਭੁੱਲਣ ਮਾਂ ਦੇ ਕੌੜੇ ਮਿੱਠੜੇ ਬੋਲ
ਮਾਂ ਦੀਆਂ ਦਿੱਤੀਆਂ ਅਕਲਾਂ ਬਾਝੋਂ ਕੀ ਹੈ ਸਾਡੇ ਕੋਲ ।

ਸਾਡਾ ਰਾਹ ਰੁਸ਼ਨਾਉਂਦੇ ਅੱਜ ਵੀ ਮਾਂ ਦੇ ਬੋਲ ਅਨਮੋਲ ।
ਮਾਂ ਦੀਆਂ ਦਿੱਤੀਆਂ ਅਕਲਾਂ ਬਾਝੋਂ ਕੀ ਹੈ ਸਾਡੇ ਕੋਲ ।

ਹੁਣ ਕਦੇ ਵੀ ਮਾਂ ਸਾਡੀ ਨੇ ਖੁਸ਼ੀ ਗਮੀ ਵਿੱਚ ਆਉਣਾ ਨਹੀਂ ।
ਮਾਂ ਬਿਨਾਂ ਸੱਖਣੀ ਜੇਹੀ ਜਾਪੇ ਸਾਨੂੰ ਆਪਣੀ ਝੋਲ ।
ਮਾਂ ਦੀਆਂ ਦਿੱਤੀਆਂ ਅਕਲਾਂ ਬਾਝੋਂ ਕੀ ਹੈ ਸਾਡੇ ਕੋਲ ।

ਮੁੱਲ ਮਿਲ ਜਾਂਦਾ ਸਭ ਕੁਝ ਐਪਰ ਮਿਲਦੀ ਮੁੱਲ ਅਸੀਸ ਨਹੀਂ ।
ਰਿਸ਼ਤੇ ਭਾਵੇਂ ਹੋਵਣ ਲੱਖਾਂ ਮਾਂ ਦੀ ਲੇਕਿਨ ਰੀਸ ਨਹੀਂ ।
ਬਖਸ਼ੀਂ ਮਾਏ ਬਖਸ਼ੀਂ ਸਾਡੇ ਬੋਲੇ ਬੋਲ ਕੁਬੋਲ ।
ਮਾਂ ਦੀਆਂ ਦਿੱਤੀਆਂ ਅਕਲਾਂ ਬਾਝੋਂ ਕੀ ਹੈ ਸਾਡੇ ਕੋਲ ।

Sri Satguru Jagjit Singh Ji eLibrary NamdhariElibrary@gmail.com

ਛੱਡ ਗਈ ਏਂ ਅੰਮੜੀਏ ਤੂੰ ਸਾਨੂੰ ਵਿੱਚ ਮੰਝਧਾਰ ।
ਵਾਂਗ ਤੇਰੇ ਸਮਝਾਊ ਕਿਹੜਾ ਕਿੰਜ ਤੋਲੀਦੇ ਤੋਲ ।
ਮਾਂ ਦੀਆਂ ਦਿੱਤੀਆਂ ਅਕਲਾਂ ਬਾਝੋਂ ਕੀ ਹੈ ਸਾਡੇ ਕੋਲ ।

ਮਰ ਕੇ ਵੀ ਮਾਂ ਰਹੇ ਧੜਕਦੀ ਧੀਆਂ ਪੁੱਤਰਾਂ ਦੇ ਸਾਹਵਾਂ ਵਿੱਚ ।
ਮਰਕੇ ਵੀ ਮਾਂ ਰਹੇ ਜੀਊਂਦੀ ਗੀਤ, ਗਜਲ, ਕਵਿਤਾਵਾਂ ਵਿਚ ।
ਨਾੜ ਨਾੜ ਵਿੱਚ ਦਿੰਦੀਆਂ ਮਾਵਾਂ ਅਨੁਭਵ ਆਪਣੇ ਘੋਲ ।
ਮਾਂ ਦੀਆਂ ਦਿੱਤੀਆਂ ਅਕਲਾਂ ਬਾਝੋਂ ਕੀ ਹੈ ਸਾਡੇ ਕੋਲ ।

ਕਦੇ ਨਾ ਭੁੱਲਣ ਮਾਂ ਦੇ ਕੌੜੇ ਮਿੱਠੜੇ ਬੋਲ ।
ਮਾਂ ਦੀਆਂ ਦਿੱਤੀਆਂ ਅਕਲਾਂ ਬਾਝੋਂ ਕੀ ਹੈ ਸਾਡੇ ਕੋਲ ।

Sri Satguru Jagjit Singh Ji eLibrary NamdhariElibrary@gmail.com

ਛੋੜ ਦੇਂਗੇ

ਗੁਰਦਾਸ ਰਾਮ ਆਲਮ

ਲੋਗ ਜਿਸ ਦਿਨ ਖ਼ੌਫ਼ ਖਾਨਾ ਛੋੜ ਦੇਂਗੇ॥
ਯੇ ਸਿਤਮਗਰ ਭੀ ਡਰਾਨਾ ਛੋੜ ਦੇਂਗੇ॥

ਆਪਕਾ ਭੀ ਏਤਰਾਮ ਹੋਨੇ ਲਗੇਗਾ॥
ਆਪ ਜਿਸ ਦਿਨ ਸਰ ਝੁਕਾਨਾ ਛੋੜ ਦੇਂਗੇ॥

ਦੇਖ ਲੇਨਾ ਪਰ ਨਿਕਲ ਆਂਏਗੇ ਜਿਸ ਦਿਨ।
ਯੇ ਪਰਿੰਦੇ ਭੀ ਆਸ਼ਿਆਨਾ ਛੋੜ ਦੇਂਗੇ॥

ਆਂਖ ਮੇਂ ਗਰ ਇਤਨੀ ਬੇਦਾਰੀ ਰਹੇਗੀ॥
ਖ਼ਵਾਬ ਭੀ ਆਂਖੋਂ ਮੇਂ ਆਨਾ ਛੋੜ ਦੇਂਗੇ॥

ਸਿਰਫ਼ ਅਭੀ ਤੋ ਖਿਲਖਿਲਾਹਟ ਕਮ ਹੂਈ ਹੈ॥
ਲੋਗ ਏਕ ਦਿਨ ਮੁਸਕਰਾਨਾ ਛੋੜ ਦੇਂਗੇ॥

ਕਯਾ ਪਹੁੰਚਕਰ ਅਰਸ਼ ਕੀ ਉਂਚਾਈਓਂ ਪੇ॥
ਯੇ ਪਰਿੰਦੇ ਪਰ ਹਿਲਾਨਾ ਛੋੜ ਦੇਂਗੇ॥

ਐ ਜ਼ਿੰਦਗੀ,ਏਕ ਦਿਨ ਅਗਰ ਉਕਤਾ ਗਏ ਤੋ॥
ਹਮ ਭੀ ਤੇਰਾ ਆਸ਼ਿਆਨਾ ਛੋੜ ਦੇਂਗੇ॥

ਅਜ਼ਾਦੀ

ਕਿਉਂ ਬਈ ਨਿਹਾਲਿਆ ਅਜ਼ਾਦੀ ਨੀ ਵੇਖੀ,
ਨਾ ਬਈ ਭਰਾਵਾ ਨਾ ਖਾਧੀ ਨਾ ਦੇਖੀ ।

ਮੈਂ ਜੱਗੂ ਤੋਂ ਸੁਣਿਆ ਅੰਬਾਲ਼ੇ ਖੜੀ ਸੀ,
ਬੜੀ ਭੀੜ ਉਸਦੇ ਦੁਆਲ਼ੇ ਖੜੀ ਸੀ।

ਆਈ ਨੂੰ ਤਾਂ ਭਾਵੇਂ ਤੀਆ ਸਾਲ ਬੀਤਾ,
ਅਸੀਂ ਤਾਂ ਅਜੇ ਤੱਕ ਦਰਸ਼ਨ ਨੀ ਕੀਤਾ ।
ਦਿੱਲੀ 'ਚ ਆਉਂਦੀ ਏ ਸਰਦੀ ਦੀ ਰੁੱਤੇ,
ਤੇ ਹਾੜ੍ਹਾਂ 'ਚ ਰਹਿੰਦੀ ਏ ਪਹਾੜਾਂ ਦੇ ਉੱਤੇ ।

ਗ਼ਰੀਬਾਂ ਨਾਲ ਲੱਗਦੀ ਲੜੀ ਹੋਈ ਏ ਖ਼ਬਰੇ,
ਅਮੀਰਾਂ ਦੇ ਧੱਕੇ ਚੜੀ ਹੋਈ ਏ ਖ਼ਬਰੇ ।
ਅਖ਼ਬਾਰਾਂ 'ਚ ਪੜਿਆ ਜਰਬਾਣੀ ਜਿਹੀ ਏ,
ਕੋਈ ਸੋਹਣੀ ਤਾਂ ਨਹੀਂ ਐਵੇਂ ਕਾਣੀ ਜਿਹੀ ਏ ।

ਮੰਨੇ ਜੇ ਓਹ ਕਹਿਣਾ ਅਸੀਂ ਵੀ ਮੰਗਵਾਈਏ,
ਛੰਨਾਂ ਤੇ ਢਾਰਿਆਂ 'ਚ ਭੁੰਜੇ ਸਵਾਈਏ ।

Sri Satguru Jagjit Singh Ji eLibrary NamdhariElibrary@gmail.com

ਪਰ ਏਨਾ ਪਤਾ ਨਹੀਂ ਕੀ ਖਾਂਦੀ ਹੁੰਦੀ ਏ,
ਕਿਹੜੀ ਚੀਜ਼ ਤੋਂ ਦਿਲ ਚੁਰਾਂਦੀ ਹੁੰਦੀ ਏ ?
ਸ਼ਿਮਲੇ ਤਾਂ ਉਸ ਅੱਗੇ ਆਂਡੇ ਹੁੰਦੇ ਨੇ,
ਬਈ ਸਾਡੀ ਤਾਂ ਖੁਰਲੀ 'ਚ ਟਾਂਡੇ ਹੁੰਦੇ ਨੇ ।

ਓਹੀ ਜੋਸ਼

ਨਰਿੰਦਰ ਕੌਰ

ਓਹੀ ਜੋਸ਼
ਦੇਸਭਗਤੀ ਦਾ ਜਜਬਾਤ ਲਾਸਾਨੀ
ਦੇ ਜਾ ਭਗਤ ਸਿਆਂ
ਦੇਸ਼ ਦੀ ਰੁਲ ਰਹੀ ਜਵਾਨੀ

ਬੇਮਕਸਦ ਜੀਵੰਦੇ
ਨਾ ਹੀ ਚਿਹਰੇ ਨੂਰਾਨੀ
ਠੰਡੇ ਜਜ਼ਬਾਤ
ਨਾ ਲਾਲ ਖ਼ੂਨ ਚ ਰਵਾਨੀ

ਦੇ ਜਾ ਭਗਤ ਸਿਆਂ
ਦੇਸ਼ ਦੀ ਰੁਲ ਰਹੀ ਜਵਾਨੀ

ਡਾਕਟਰ ਨੀ ਹੁੰਦੇ
ਪਰ ਟੀਕੇ ਨੇ ਇਹ ਲਾਂ ਲੈਂਦੇ
ਕਰਦੇ ਨਾ ਕਮਾਈ
ਬ੍ਰੈਂਡਡ ਕਪੜੇ ਪਰ ਪਾ ਲੈਂਦੇ

ਛਪੜ ਜਹੇ ਨੇ
ਜਿਸ ਦਾ ਪਾਣੀ ਬੁਸੀ ਜਾਂਦਾ
ਵਾਂਗ ਦਰਿਆਵਾਂ
ਵਹਿੰਦੇ ਨਾ ਸ਼ੁਕਦੇ ਤੂਫ਼ਾਨੀ

ਦੇ ਜਾ ਜੋਸ਼ ਭਗਤ ਸਿਆਂ
ਦੇਸ਼ ਦੀ ਰੁਲ਼ ਰਹੀ ਜਵਾਨੀ...

ਨਰਿੰਦਰ ਕੌਰ
ਚੰਡੀਗੜ੍ਹ

Sri Satguru Jagjit Singh Ji eLibrary NamdhariElibrary@gmail.com

ਨਹੀਂ

ਸੁਰਜੀਤ ਗੱਗ

ਅਸੀਂ ਭੀੜ ਨਹੀਂ ਬਣਨਾ ਭਗਤ ਸਿਆਂ.......
ਸਾਡਾ ਭਗਤ ਸਿੰਘ (ਗੱਗ–ਬਾਣੀ)

ਨਹੀਂ
ਅਸੀਂ ਭੀੜ ਨਹੀਂ ਬਣਨਾ ਭਗਤ ਸਿਆਂ
੨੩ ਮਾਰਚ ਨੂੰ
ਤੇਰੇ ਨਾਂ ਦਾ
ਨਾਹਰਾ ਵੀ ਨਹੀਂ ਲਾਉਣਾ।

ਤੇਰੀ ੨੩ ਮਾਰਚ ਤਾਂ
ਅਗਵਾ ਕਰ ਲਈ ਹੈ
ਚੌਧਰ ਦੇ ਭੁੱਖਿਆਂ ਨੇ
ਲੁੱਟ ਦਿਆਂ ਮਾਸੜਾਂ ਨੇ

ਸਾਡੀ ੨੩ ਮਾਰਚ ਤਾਂ
ਸਾਰਾ ਸਾਲ
ਸਾਡੇ ਨਾਲ ਹੀ ਚੱਲਦੀ ਹੈ

ਤੇ ਸਾਡੇ ਨਾਲ ਹੀ ਚੱਲਣੀ ਹੈ।

ਤੇਰੀ ਸੋਚ ਨੂੰ ਪ੍ਰਣਾਇਆਂ ਕੋਲ
ਸਮਾਂ ਹੀ ਕਿੱਥੇ ਹੈ
ਤੇਰੇ ਸੋਹਿਲੇ ਗਾਉਣ ਦਾ
ਤੇਰੇ ਕਸੀਦੇ ਪੜ੍ਹਨ ਦਾ।

ਉਹ ਤਾਂ ਨਿਕਲ ਚੁੱਕੇ ਨੇ ਘਰੋਂ
ਪੈਰਾਂ ਵਿੱਚ ਸਫ਼ਰ ਬੰਨ੍ਹ ਕੇ
ਮੱਥੇ ਵਿੱਚ ਸੂਰਜ ਲੈ ਕੇ
ਅੱਖਾਂ ਵਿੱਚ ਸੁਪਨੇ ਸਜਾ ਕੇ
ਪਿੱਠ ਤੇ ਇਤਿਹਾਸ ਲੱਦ ਕੇ।

ਉਹ ਤਾਂ ਨਿਕਲ ਚੁੱਕੇ ਨੇ
ਜ਼ਿੰਦਾਬਾਦ/ਮੁਰਦਾਬਾਦ ਤੋਂ ਵੀ ਅਗਾਂਹ
ਲੜ ਰਹੇ ਨੇ
ਜੂਝ ਰਹੇ ਨੇ
ਨਿਹੱਥਿਆਂ ਨੇ
ਹਥਿਆਰਾਂ ਨੂੰ ਲਲਕਾਰਾ ਮਾਰਿਆ ਹੈ
ਹਿੱਕਾਂ ਠੋਕ ਕੇ ਕਹਿੰਦੇ ਨੇ
ਸਾਨੂੰ ਸਮਾਜਵਾਦ ਤੋਂ ਉਰ੍ਹਾਂ
ਕੁੱਝ ਵੀ ਮਨਜ਼ੂਰ ਨਹੀਂ

Sri Satguru Jagjit Singh Ji eLibrary NamdhariElibrary@gmail.com

ਮੁਫ਼ਤ ਬਿਜਲੀ
ਮੁਫ਼ਤ ਪਾਣੀ ਦੀ ਖ਼ੈਰਾਤ
ਕੁੱਝ ਵੀ ਨਹੀਂ
ਅਸੀਂ ਇਨ੍ਹਾਂ ਦੀ ਕੀਮਤ ਤਾਰਾਂਗੇ।

ਸਾਡੀਆਂ ਜਾਨਾਂ
ਭੰਗ ਦੇ ਭਾੜੇ ਨਹੀਂ ਜਾਣੀਆਂ

ਅਸੀਂ ਫੱਟ ਭਰ ਜਾਣ ਦਾ
ਇੰਤਜ਼ਾਰ ਨਹੀਂ ਕਰ ਸਕਦੇ
ਸਾਡੇ ਕਰਨ ਵਾਲੇ
ਅਜੇ ਬੜੇ ਕੰਮ ਪਏ ਨੇ
ਅਜੇ ਤਾਂ ਅਸੀਂ
ਘਰਾਂ ਨੂੰ ਵੀ ਪਰਤਣਾ ਹੈ।

ਇਹ ਸਾਡਾ ਭਗਤ ਸਿੰਘ ਨਹੀਂ
ਜੋ ਫੁੱਲਾਂ ਦੇ ਹਾਰ ਪੁਆ ਰਿਹਾ ਹੈ
ਕਿਤੇ ਟੋਪੀ
ਤੇ ਕਿਤੇ ਪੱਗੜੀ ਵਿੱਚ
ਉਲਝ ਗਿਆ ਹੈ
ਇਹ ਸਾਡਾ ਭਗਤ ਸਿੰਘ ਨਹੀਂ।

ਸਾਡਾ ਭਗਤ ਸਿੰਘ ਤਾਂ
ਅਜੇ ਵੀ ਝੂਲ ਰਿਹਾ ਹੈ
ਫਾਂਸੀ ਦੇ ਫੰਦੇ ਤੇ
ਅਜੇ ਵੀ ਬੈਠਾ ਹੈ
ਕਿਸੇ ਭੁੱਖ ਹੜਤਾਲ ਤੇ
ਅਜੇ ਵੀ ਸਹਿ ਰਿਹਾ ਹੈ
ਪੁਲਸੀਆ ਜ਼ਬਰ
ਅਜੇ ਵੀ ਲੜ ਰਿਹਾ ਹੈ
ਲੁੱਟ ਦੇ ਵਿਰੁੱਧ
ਅਜੇ ਵੀ ਪੜ੍ਹ ਰਿਹਾ ਹੈ
ਲੈਨਿਨ ਦੀ ਕਿਤਾਬ।

ਸਾਡਾ ਭਗਤ ਸਿੰਘ
ਸਾਡੇ ਅੰਗ ਸੰਗ ਹੀ ਹੈ
ਉਹ ਜੋ ੨੩ ਮਾਰਚ
ਅਤੇ ੨੮ ਸਤੰਬਰ ਨੂੰ ਲੱਭਦਾ ਹੈ
ਉਹ ਸਾਡਾ ਭਗਤ ਸਿੰਘ ਨਹੀਂ
ਸਾਡਾ ਭਗਤ ਸਿੰਘ ਤਾਂ
ਸਾਡਾ ਹੀ ਭਗਤ ਸਿੰਘ ਹੈ.....

Sri Satguru Jagjit Singh Ji eLibrary NamdhariElibrary@gmail.com

ਗ਼ਜ਼ਲ

ਮੱਖਣ ਕੁਹਾੜ

(ਰੂਸ ਯੂਕਰੇਨ ਜੰਗ ਦੇ ਨਾਮ)

ਅਮਨਾਂ ਦੇ ਵਣਜਾਰੇ ਲੋਕੋ, ਯੂਕਰੇਨ 'ਤੇ ਹਮਲੇ ਰੋਕੋ।
ਦੁਨੀਆਂ ਦੇ ਸਚਿਆਰੇ ਲੋਕੋ, ਯੂਕਰੇਨ 'ਤੇ ਹਮਲੇ ਰੋਕੋ ।

ਜੰਗ ਕਿਤੇ ਧਰਤੀ ਤੇ ਲੱਗੇ, ਉਸ ਨੂੰ ਸਮਝੋ ਘਰ ਦੇ ਅੱਗੇ,
ਝੱਟ ਬਾਜ਼ਾਰ ਪਧਾਰੇ ਲੋਕੋ,ਯੂਕਰੇਨ 'ਤੇ ਹਮਲੇ ਰੋਕੋ ।

ਸਾੜ੍ਹਿਆ ਇਸ ਨੇ ਖ਼ੂਬ ਇਰਾਕ,ਅਫ਼ਗਾਨਿਸਤਾਨ ਨੂੰ ਕੀਤਾ ਖਾਕ,
ਹੁਣ ਯੂਕਰੇਨ ਪੁਕਾਰੇ ਲੋਕੋ, ਯੂਕਰੇਨ 'ਤੇ ਹਮਲੇ ਰੋਕੋ ।

ਜਿਉਂ ਜਿਉਂ ਨਾਟੋ ਪੈਰ ਪਸਾਰੂ 'ਘੇਰ ਘੇਰ ਕੇ ਦੁਨੀਆਂ ਮਾਰੂ,
ਸੂਝਾਂ ਵੰਡਣ ਹਾਰੇ ਲੋਕੋ, ਯੂਕਰੇਨ 'ਤੇ ਹਮਲੇ ਰੋਕੋ ।

ਨਾਟੋ, ਸੀਟੋ ਬ੍ਰਿਕਸ ਟਵੰਟੀ, ਮਾਰਨ ਸਾਰੇ ਜੱਗ ਦੀ ਘੰਟੀ,
ਇਹ ਸਭ ਹਨ ਹਤਿਆਰੇ ਲੋਕੋ,ਯੂਕਰੇਨ 'ਤੇ ਹਮਲੇ ਰੋਕੋ ।

ਇਹ ਜੰਗ ਮੰਡੀ ਕਬਜ਼ੇ ਲਈ ਹੈ, ਇਹ ਜੰਗ ਰੂਸ ਦੇ ਵੱਜਕੇ ਲਈ ਹੈ,
ਆਖੋ ਇਹ ਜੰਗ ਹਾਰੇ ਲੋਕੋ, ਯੂਕਰੇਨ 'ਤੇ ਹਮਲੇ ਰੋਕੋ ।

ਇਹ ਜੰਗ ਇੱਕ ਬਹਾਨੈ ਰੂਸ ਦਾ,ਅਸਲੀ ਹੋਰ ਨਿਸ਼ਾਨੈ ਰੂਸ ਦਾ,
ਰੂਸ ਬਾਜ਼ਾਰ ਵਿਸਤਾਰੇ ਲੋਕੋ, ਯੂਕਰੇਨ 'ਤੇ ਹਮਲੇ ਰੋਕੋ ।

ਜੰਗ ਉੱਚਿਆਂ ਨੂੰ ਉੱਚੇ ਕਰਦੀ,ਛਲਕਦੇ ਸਾਗਰ ਫਿਰ ਤੋਂ ਭਰਦੀ,
ਪਰਜਾ ਭੁੱਖੀ ਮਾਰੇ ਲੋਕੋ, ਯੂਕਰੇਨ 'ਤੇ ਹਮਲੇ ਰੋਕੋ ।

ਬੰਬ ਜਦੋਂ ਨੇ ਅੱਗ ਵਰ੍ਹਾਉਂਦੇ, ਸਭ ਚੁੱਲ੍ਹਿਆਂ ਦੀ ਅੱਗ ਬੁਝਾਉਂਦੇ,
ਕੰਬਣ ਚੰਦ ਸਿਤਾਰੇ ਲੋਕੋ, ਯੂਕਰੇਨ 'ਤੇ ਹਮਲੇ ਰੋਕੋ ।

ਡ੍ਰੋਨ, ਜਹਾਜ਼,ਬੰਦੂਕਾਂ,ਟੈਂਕ, ਤੋਪ, ਮਿਜ਼ਾਈਲਾਂ, ਐਟਮ ਬੰਬ,
ਰੂਸ ਨੇ ਪਰਖੇ ਸਾਰੇ ਲੋਕੋ,ਯੂਕਰੇਨ 'ਤੇ ਹਮਲੇ ਰੋਕੋ ।

ਜੇ ਸਕਤਾ ਸਕਤੇ ਨੂੰ ਮਾਰੇ, ਰੂਸ ਦੇ ਹਾਕਮ ਨਹੀਂ ਹਤਿਆਰੇ,
ਸ਼ੀਂਹ ਅੱਜ ਵੱਗ ਨੂੰ ਮਾਰੇ ਲੋਕੋ, ਯੂਕਰੇਨ 'ਤੇ ਹਮਲੇ ਰੋਕੋ ।

ਭੁੱਖ ਵਧੇ ਜਦ ਸਾਮਰਾਜ ਦੀ, ਕੁੱਖ ਵਧੇ ਜਦ ਸਾਮਰਾਜ ਦੀ,
ਮਾੜੇ ਮੁਲਕ ਇਹ ਮਾਰੇ ਲੋਕੋ,ਯੂਕਰੇਨ 'ਤੇ ਹਮਲੇ ਰੋਕੋ ।

ਹੀਰੋਸ਼ੀਮਾ,ਨਾਗਾਸਾਕੀ ਜੰਗ ਨੇ ਛੱਡਿਆ ਨਾ ਕੁਝ ਬਾਕੀ,
ਢਹਿਣ ਚੁਬਾਰੇ ਢਾਰੇ ਲੋਕੋ,ਯੂਕਰੇਨ 'ਤੇ ਹਮਲੇ ਰੋਕੋ ।

ਇਹ ਜੰਗ ਹੈ ਇੱਕਤਰਫ਼ਾ ਹਮਲਾ, ਰੂਸ ਅੱਜ ਹੋ ਗਿਆ ਹੈ ਜਿਉਂ
ਕਮਲਾ,
ਬਾਘ ਜਿਉਂ ਲੇਲਾ ਮਾਰੇ ਲੋਕੋ, ਯੂਕਰੇਨ 'ਤੇ ਹਮਲੇ ਰੋਕੋ ।

ਲੋਕੋ !ਕੁਝ ਏਦਾਂ ਦਾ ਸੋਚੋ, ਨਾਟੋ, ਸੀਟੋ,ਫੱਟੀ ਪੋਚੋ,
ਬੋਲੋ ਕੁਝ ਚੁੱਪ ਧਾਰੇ ਲੋਕੋ ! ਯੂਕਰੇਨ 'ਤੇ ਹਮਲੇ ਰੋਕੋ ।

ਸੋਚੋ ਰੂਸ ਨੂੰ ਕਿਸ ਲਲਕਾਰਿਆ,ਕਿਸ ਯੂਕਰੇਨ ਨੂੰ ਸੀ
ਪੁਚਕਾਰਿਆ,
ਬਹਿ ਕੇ ਕਰੋ ਨਿਤਾਰੇ ਲੋਕੋ, ਯੂਕਰੇਨ 'ਤੇ ਹਮਲੇ ਰੋਕੋ ।

ਪਹਿਲੋਂ ਪੂਤਿਨ ਨੂੰ ਉਕਸਾਇਆ, ਫੇਰ ਜੈਲੇਂਸਕੀ ਭੂਏ
ਚੜ੍ਹਾਇਆ,
ਸਭ ਅਮਰੀਕੀ ਕਾਰੇ ਲੋਕੋ, ਯੂਕਰੇਨ 'ਤੇ ਹਮਲੇ ਰੋਕੋ ।

ਇਹ ਜੰਗ ਲੱਗਦੈ ਇੰਜ ਛਿੜੀ ਹੈ,ਬਾਜ਼ ਦੇ ਪੰਜੇ ਵਿੱਚ ਚਿੜੀ ਹੈ,
ਯੁਕਰੇਨ ਅੱਜ ਵਾਜਾਂ ਮਾਰੇ ਲੋਕੋ, ਯੂਕਰੇਨ 'ਤੇ ਹਮਲੇ ਰੋਕੋ ।

Sri Satguru Jagjit Singh Ji eLibrary NamdhariElibrary@gmail.com

ਦੰਦ ਕਚੀਚਿਆਂ ਕੁਝ ਨਹੀਂ ਹੋਣਾ, ਅੱਖਾਂ ਮੀਚਿਆਂ ਕੁਝ ਨਹੀਂ ਹੋਣਾ,
ਕੱਠੇ ਬੋਲੋ ਸਾਰੇ ਲੋਕੋ, ਯੂਕਰੇਨ 'ਤੇ ਹਮਲੇ ਰੋਕੋ।

ਸੁਣਿਆ

ਪਾਵੇਲ ਕੁੱਸਾ

ਸੁਣਿਆ ਜੋ ਕੱਲ੍ਹ ਕਤਲ ਹੋਇਆ ਹੈ
ਕੋਈ ਆਪਣੀ ਹੀ
ਸਿਰਜਣਾ ਦੇ ਖੂਹ 'ਚ ਡੁੱਬ ਕੇ ਮੋਇਆ ਹੈ

ਉਹ
ਜ਼ਿੰਦਗੀ ਦੇ ਸਾਹਾਂ ਦੀ
ਡੋਰ ਤੋੜ ਦੇਣ ਦੀਆਂ
ਦਾਅਵੇਦਾਰੀਆਂ 'ਤੇ ਖੜ੍ਹਦਾ ਰਿਹਾ
ਸ਼ੌਕ ਨਾਲ ਵੀ ਕਤਲ ਕਰ ਦੇਣ ਦੇ
ਕਸੀਦੇ ਪੜ੍ਹਦਾ ਰਿਹਾ
ਅਣਭੋਲ ਮਨਾਂ 'ਚ
ਹਉਮੈ ਦੀਆਂ ਪੁੜੀਆਂ ਧਰਦਾ ਰਿਹਾ
ਅੱਥਰੀ ਜਵਾਨੀ ਦੇ ਸੁੱਚੇ ਜਜ਼ਬਿਆਂ ਨੂੰ
ਨਿੱਜ ਦੀ ਭੱਠੀ ਹਵਾਲੇ ਕਰਦਾ ਰਿਹਾ
ਨਿੱਤ ਦਿਨ ਫੋਕੀ ਸ਼ੋਹਰਤ ਦੇ
ਸਾਗਰਾਂ 'ਚ ਤਰਦਾ ਰਿਹਾ
ਤੇ ਆਪਣੀ ਸਿਰਜਣਾ ਦੇ ਭਰਮਾਂ 'ਚ

ਜ਼ਿੰਦਗੀ ਦੀਆਂ ਸੁੱਚੀਆਂ ਕਦਰਾਂ ਦੇ
ਮਰਸੀਏ ਪੜ੍ਹਦਾ ਰਿਹਾ

ਉਸ ਪਿੰਡ ਦੇ
ਅੱਲ੍ਹੜ ਮੁੰਡਿਆਂ ਦੇ
ਹਾਣੀ ਦਾ ਕਤਲ ਤਾਂ
ਕਈ ਵਰ੍ਹੇ ਪਹਿਲਾਂ ਹੀ ਹੋ ਗਿਆ ਸੀ
ਉਹ ਤਾਂ ਪਿੰਡ ਦੀਆਂ ਗਲੀਆਂ 'ਚ
ਉਦੋਂ ਹੀ ਕਿਤੇ ਖੋਹ ਗਿਆ ਸੀ
ਜਦੋਂ
ਕਲਾ 'ਚੋਂ ਸ਼ੁਹਰਤ
ਤਲਾਸ਼ਣ ਦੇ ਰਾਹ ਹੋ ਗਿਆ ਸੀ
ਉਹਨੂੰ ਤਾਂ ਸਥਾਪਤੀ ਨੇ
ਆਪਣੇ ਪਰਾਂ 'ਚ ਸਮੋ ਲਿਆ ਸੀ
ਸਿੱਕਿਆਂ ਦੀ ਚਾਦਰ ਨੇ
ਕਲਾ ਦਾ ਸੁੱਚਾ
ਵਜੂਦ ਹੀ ਲੁਕੋ ਲਿਆ ਸੀ

ਇਹ ਜੋ ਗੀਤ ਬਣਾ ਕੇ
ਯੂ ਟਿਊਬਾਂ 'ਤੇ ਛਾਇਆ ਸੀ
ਉਹ ਤਾਂ
ਰਾਜੇ ਦੇ ਦਰਬਾਰ ਹੋ ਕੇ ਆਇਆ ਸੀ

Sri Satguru Jagjit Singh Ji eLibrary NamdhariElibrary@gmail.com

ਉਹ ਦਰਬਾਰੋਂ ਥਾਪੜਾ ਲੈ ਕੇ
ਬੇਗਾਨਗੀ ਹੰਢਾਉਂਦੇ ਮੁੰਡਿਆਂ ਦੇ
ਬੇਚੈਨ ਮਨਾਂ ਨੂੰ
ਸਿਖਰਾਂ ਛੂਹਣ ਦੀ
ਤਸੱਲੀ ਦੇ ਭਰਮਾਂ 'ਚ
ਡਬੋਣ ਆਇਆ ਸੀ
ਮਸ਼ਹੂਰ ਹੋਣ ਦੀਆਂ
ਲਾਲਸਾਵਾਂ ਜਗਾ ਕੇ
ਇੰਸਟਾਗ੍ਰਾਮ ਦੀਆਂ
ਰੀਲਾਂ 'ਚ ਪਰੋਣ ਆਇਆ ਸੀ
ਸਿਰਜਣਾ ਦੀਆਂ ਸੰਭਾਵਨਾਵਾਂ ਨੂੰ
ਸਟੇਟਸਾਂ ਤੇ ਸਟੋਰੀਆਂ ਦੇ
ਖੂਹ 'ਚ ਡੁਬੋਣ ਆਇਆ ਸੀ
ਅੱਲ੍ਹੜ ਮਨਾਂ ਤੋਂ ਸੁਪਨਿਆਂ ਦੇ
ਕਾਤਲਾਂ ਦੀ ਪੈੜ ਲੱਭਣ ਦੀ ਜਾਂਚ
ਖੋਹਣ ਆਇਆ ਸੀ
ਸਵੈ-ਮਾਣ ਨੂੰ
ਹੰਕਾਰ 'ਚ ਬਦਲ ਦੇਣ ਦੀ
ਵਿੱਥ ਟੋਹਣ ਆਇਆ ਸੀ

ਜਿਸ ਨੇ ਉਹਨੂੰ ਘੜਿਆ ਤੇ ਤਰਾਸ਼ਿਆ
ਉਸ ਸਥਾਪਤੀ ਨੂੰ ਲੋੜੀਂਦੀ ਹੈ

Sri Satguru Jagjit Singh Ji eLibrary NamdhariElibrary@gmail.com

ਕਰਜ਼ਿਆਂ ਦੇ ਝੰਬੇ ਬਾਪੂਆਂ ਦੇ
ਫ਼ਿਕਰਾਂ ਤੋਂ ਮੁਕਤ ਜਵਾਨੀ
ਚਿੱਟਿਆਂ ਤੇ ਸ਼ੀਸ਼ੀਆਂ ਦੀ
ਹੋਵੇ ਜਿਨ੍ਹਾਂ ਤੱਕ ਰਵਾਨੀ
ਦੁਨੀਆਂ ਦੀ ਹਰ ਸ਼ੈਅ
ਹੰਢਾਉਣ ਦੇ ਸੁਫ਼ਨੇ 'ਚ ਜਿਉਂਦੀ
ਤੇ ਖ਼ਪਤ ਦੇ ਸਾਗਰਾਂ ਚ
ਤਾਰੀਆਂ ਲਾਉਂਦੀ
ਬੱਸ ਹਨ੍ਹੇਰੇ ਭਵਿੱਖ ਦੇ
ਜੰਗਲਾਂ 'ਚ ਭਾਉਂਦੀ
ਕੈਂਸਰਾਂ ਤੇ ਕਰਜ਼ਿਆਂ ਝੰਬੇ ਪਿੰਡਾਂ 'ਚ
ਅਜੇ ਵੀ ਨਾਹਟ ਗਿਆਰਾਂ ਹੋਣ ਦਾ
ਮਾਣ ਹੰਢਾਉਂਦੀ
ਬਸ ਆਪਣੇ ਨਾਇਕ ਉਸਤਾਦਾਂ ਦੇ
ਵਿਊ ਵਧ ਜਾਣ ਦੇ ਜਸ਼ਨ ਮਨਾਉਂਦੀ

ਇਉਂ ਆਪਣੇ ਗੀਤਾਂ ਨਾਲ
ਉਨ੍ਹਾਂ 'ਚ ਕੂਕਦੀਆਂ
ਚੌਧਰ ਦੀ ਲਾਲਸਾ
ਦੀਆਂ ਰੀਤਾਂ ਨਾਲ
ਟਿੱਬਿਆਂ 'ਚ ਜਵਾਨ ਹੁੰਦੇ ਦਿਲਾਂ ਅੰਦਰ
ਖ਼ੁਦਗਰਜ਼ ਕਦਰਾਂ ਦੀ ਪਿਉਂਦ ਕਰਦਿਆਂ

Sri Satguru Jagjit Singh Ji eLibrary NamdhariElibrary@gmail.com

ਸੱਜਰੇ ਸੱਜਰੇ ਦਿਲਾਂ 'ਚ
ਬੇਹੇ ਬੁਸੇ ਰੰਗ ਭਰਦਿਆਂ
ਸਵੈ-ਭਰੋਸਿਉਂ ਸੱਖਣੇ ਮਨਾ 'ਚ
ਬਿਨਾਂ ਵਜ੍ਹਾ ਹੀ ਉੱਤਮ ਹੋਣ ਦੇ
ਹੰਕਾਰ ਦਾ ਸੰਚਾਰ ਕਰਦਿਆਂ
ਉਹ ਜਵਾਨੀ ਦਾ ਨਾਇਕ ਹੋਇਆ ਸੀ
ਪਰ ਜ਼ਿੰਦਗੀ ਦਾ ਖਲਨਾਇਕ ਹੋਇਆ ਸੀ
ਹੁਣ ਕੱਲ੍ਹ
ਉਹ ਆਪਣੀ ਹੀ
ਉਸ ਸਿਰਜਣਾ ਹੱਥੋਂ ਕਤਲ ਹੋਇਆ ਹੈ
ਜਿਸਨੇ ਹਥਿਆਰਾਂ ਤੋਂ ਹੀ ਹਰ ਵਰ ਮੰਗਿਆ ਹੈ
ਜਿਨ੍ਹਾਂ ਨੇ ਉਹਦੇ ਹੀ ਗੀਤਾਂ ਦੀਆਂ ਧੁਨਾਂ 'ਤੇ
ਸਭ ਫ਼ਿਕਰਾਂ ਨੂੰ ਕਿੱਲੀ ਟੰਗਿਆ ਹੈ
ਇਸੇ ਬੇਫ਼ਿਕਰੀ ਦੀਆਂ ਜ਼ਹਿਰਾਂ ਨੇ
ਹੁਣ ਉਸੇ ਨੂੰ ਹੀ ਡੰਗਿਆ ਹੈ

ਸੁਣਿਆ ਜੋ ਕੱਲ੍ਹ ਕਤਲ ਹੋਇਆ ਹੈ
ਕੋਈ ਆਪਣੀ ਹੀ
ਸਿਰਜਣਾ ਦੇ ਖੂਹ 'ਚ ਡੁੱਬ ਕੇ ਮੋਇਆ ਹੈ

Sri Satguru Jagjit Singh Ji eLibrary NamdhariElibrary@gmail.com

ਗਜ਼ਲ

ਲਖਵਿੰਦਰ ਸਿੰਘ ਬਾਜਵਾ

ਅਸੀਂ ਬੀਜੇ ਗੰਢੇ ਤੇ ਗੰਢੇਲ ਉੱਗ ਪਈ ਏ।
ਕਿੱਥੋਂ ਮਰ ਜਾਣੀ ਇਹ ਚੁੜੇਲ ਉੱਗ ਪਈ ਏ।

ਅਸੀਂ ਤਾਂ ਕਿਹਾ ਸੀ ਲਾਲ ਰੰਗ ਸੋਹਣਾ ਲੱਗਦਾ ਏ,
ਇਹ ਤੇ ਲੈ ਕੇ ਲਹੂ ਦੀ ਤਰੇਲ ਉੱਗ ਪਈ ਏ।

ਝੂਠੀ ਮੂਠੀ ਗੋਲੀਆਂ ਬੰਦੂਕਾਂ ਦੇ ਸੀ ਗੀਤ ਗਾਏ,
ਸੱਚੀਂ ਮੁੱਚੀਂ ਅਸਲੇ ਦੀ ਵੇਲ ਉੱਗ ਪਈ ਏ।

ਲਾਇਆ ਸੀ ਬਰੂਟਾ,ਛਾਵੇਂ ਬਹਿਣਗੇ ਪੰਖੇਰੂ ਆਣ,
ਉਹਦੇ ਤੇ ਹੀ ਚੰਦਰੀ ਗੁਲੇਲ ਉੱਗ ਪਈ ਏ।

ਅਮਨਾਂ ਦੀ ਰਾਖੀ ਦੇ ਲਈ ਬਾਜਵਾ ਜਵਾਨੀ ਮੰਗੀ,
ਅਮਨਾਂ ਦੀ ਜੜ੍ਹੀਂ ਦੇਣ ਤੇਲ ਉੱਗ ਪਈ ਏ।

Sri Satguru Jagjit Singh Ji eLibrary NamdhariElibrary@gmail.com